

ਪੰਜਾਬ ਸਰਕਾਰ



# ਹਰਪਾਲ ਸਿੰਘ ਚੀਮਾ

## ਵਿੱਤ ਮੰਤਰੀ, ਪੰਜਾਬ

ਵੱਲੋਂ



## ਪੰਜਾਬ ਵਿਧਾਨ ਸਭਾ ਵਿੱਚ

ਸਾਲ ੨੦੨੬-੨੭

ਦਾ ਬਜਟ ਪੇਸ਼ ਕਰਦੇ ਸਮੇਂ ਦਿੱਤਾ ਗਿਆ

## ਭਾਸ਼ਣ




੮ ਮਾਰਚ, ੨੦੨੬

ਚੰਡੀਗੜ੍ਹ

# ਬਜਟ 2026-27

## ਹਰਪਾਲ ਸਿੰਘ ਚੀਮਾ

## *ਵਿੱਤ ਮੰਤਰੀ*

## ਦਾ ਭਾਸ਼ਣ

**ਮਾਣਯੋਗ ਸਪੀਕਰ ਸਾਹਿਬ,**

1. ਅੱਜ ਮੈਂ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਪੰਜਵਾਂ ਬਜਟ ਪੇਸ਼ ਕਰਦਿਆਂ, ਇਸ ਪਲ ਦੀ ਜ਼ਿੰਮੇਵਾਰੀ ਤੋਂ ਪੂਰੀ ਤਰ੍ਹਾਂ ਸੁਚੇਤ ਅਤੇ ਬਾ-ਅਦਬ ਆਪ ਦੇ ਸਨਮੁਖ ਹਾਂ। ਸਰਕਾਰ ਦੇ ਚਾਰ ਸਾਲ ਮੁਕੰਮਲ ਹੋਣ ਉਪਰੰਤ ਇਹ ਬਜਟ ਅਜਿਹੇ ਪੜਾਅ 'ਤੇ ਪੇਸ਼ ਕੀਤਾ ਜਾ ਰਿਹਾ ਹੈ, ਜਿੱਥੇ ਦਾਅਵੇ ਨਹੀਂ ਸਗੋਂ ਕੀਤੇ ਕੰਮ ਜ਼ਿਆਦਾ ਮਾਇਨੇ ਰੱਖਦੇ ਹਨ ਅਤੇ ਰਾਜ ਦੀ ਕਾਰਗੁਜ਼ਾਰੀ ਮੂੰਹੋਂ ਬੋਲਣੀ ਚਾਹੀਦੀ ਹੈ। ਇਹ ਬਜਟ ਇਸ ਅਜ਼ੀਮ ਸਦਨ ਦੇ ਸਾਹਮਣੇ ਆਦਰ ਸਹਿਤ ਅਤੇ ਕੀਤੇ ਕਾਰਜਾਂ ਤੋਂ ਮਿਲੇ ਭਰੋਸੇ ਸਦਕਾ ਪੇਸ਼ ਕੀਤਾ ਜਾਂਦਾ ਹੈ। ਮੈਂ ਭਲੀ-ਭਾਂਤ ਜਾਣਦਾ ਹਾਂ ਕਿ ਸ਼ਾਸਨ ਦਾ ਅਸਲੀ ਪੈਮਾਨਾ ਪੁਖ਼ਤਾ ਨਤੀਜਿਆਂ ਅਤੇ ਸਾਡੇ ਨਾਗਰਿਕਾਂ ਦੇ ਰੋਜ਼ਾਨਾ ਦੇ ਅਨੁਭਵ ਵਿਚ ਹੁੰਦਾ ਹੈ।

2. ਪੰਜਾਬ ਨੇ ਕਦੇ ਵੀ ਬੇਇਨਸਾਫ਼ੀ ਨੂੰ ਚੁੱਪ-ਚਾਪ ਸਵੀਕਾਰ ਨਹੀਂ ਕੀਤਾ। ਇਹ ਉਸ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਧਰਤੀ ਹੈ, ਜਿਸ ਨੇ ਸਾਨੂੰ ਸਿਖਾਇਆ ਕਿ ਅਸਲ ਆਜ਼ਾਦੀ ਸਿਰਫ਼ ਸਿਆਸੀ ਤਾਕਤ ਨਹੀਂ, ਸਗੋਂ ਆਮ ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਮਾਣ-ਸਤਿਕਾਰ, ਬਰਾਬਰੀ ਅਤੇ ਇਨਸਾਫ਼ ਦਾ ਹੋਣਾ ਹੈ। ਮਾਰਚ 2022 ਵਿੱਚ ਪੰਜਾਬ ਦੇ ਲੋਕਾਂ ਨੇ ਅਜਿਹੇ ਜਜ਼ਬੇ ਨਾਲ ਬਦਲਾਅ ਲਈ ਵੋਟ ਪਾਈ ਜਿਸ ਰਾਹੀਂ ਉਨ੍ਹਾਂ ਨੇ ਖੋਖਲੀ ਰਾਜਨੀਤੀ ਨੂੰ ਨਕਾਰਦੇ ਹੋਏ ਅਜਿਹੀ

ਸਰਕਾਰ ਦੀ ਮੰਗ ਕੀਤੀ ਜੋ ਨੀਤ ਵਿੱਚ ਇਮਾਨਦਾਰ, ਦ੍ਰਿੜ ਇਰਾਦੇ ਵਾਲੀ ਅਤੇ ਕਾਰਵਾਈ ਵਿੱਚ ਫ਼ੈਸਲਾਕੁੰਨ ਹੋਵੇ। 'ਰੰਗਲੇ ਪੰਜਾਬ' ਦਾ ਸਾਡਾ ਸੰਕਲਪ ਇਸੇ ਨੈਤਿਕ ਬੁਨਿਆਦ ਵਿੱਚੋਂ ਉੱਭਰਿਆ ਹੈ।

3. ਮਾਣਯੋਗ ਸਪੀਕਰ ਸਾਹਿਬ, ਬਜਟ ਬਾਰੇ ਗੱਲ ਕਰਨ ਤੋਂ ਪਹਿਲਾਂ ਜੇਕਰ ਮੈਂ ਸਾਡੇ ਸੂਬੇ ਵਿੱਚ ਆਏ ਭਿਆਨਕ ਹੜ੍ਹਾਂ ਦੌਰਾਨ ਪੰਜਾਬ ਦੇ ਲੋਕਾਂ ਦੁਆਰਾ ਦਿਖਾਈ ਗਈ ਦਲੇਰੀ ਅਤੇ ਹਿੰਮਤ ਦਾ ਜ਼ਿਕਰ ਨਾ ਕੀਤਾ ਤਾਂ ਇਹ ਬੇ-ਇਨਸਾਫ਼ੀ ਹੋਵੇਗੀ। ਜਦੋਂ ਘਰ ਪਾਣੀ ਵਿੱਚ ਡੁੱਬ ਗਏ ਸਨ ਅਤੇ ਰੋਜ਼ੀ-ਰੋਟੀ ਦੇ ਵਸੀਲੇ ਪ੍ਰਭਾਵਿਤ ਹੋ ਗਏ ਸਨ ਤਾਂ ਪੰਜਾਬ ਦੇ ਲੋਕਾਂ ਨੇ ਬੇਮਿਸਾਲ ਤਾਕਤ ਅਤੇ ਹਮਦਰਦੀ ਨਾਲ ਇੱਕ-ਦੂਜੇ ਦਾ ਸਾਥ ਦਿੱਤਾ ਅਤੇ ਸਬਰ ਤੇ ਦ੍ਰਿੜ ਇਰਾਦੇ ਨਾਲ ਆਪਣੀਆਂ ਜ਼ਿੰਦਗੀਆਂ ਨੂੰ ਮੁੜ ਲੀਹ 'ਤੇ ਲਿਆਂਦਾ। ਸਰਕਾਰ ਨੇ ਪ੍ਰਭਾਵਿਤ ਪਰਿਵਾਰਾਂ ਨਾਲ ਮਿਲ ਕੇ ਰਾਹਤ ਪ੍ਰਦਾਨ ਕਰਨ, ਜ਼ਰੂਰੀ ਸੇਵਾਵਾਂ ਨੂੰ ਬਹਾਲ ਕਰਨ ਅਤੇ ਮੁੜ ਵਸੇਬੇ ਲਈ ਤੁਰੰਤ ਅਤੇ ਸੰਵੇਦਨਸ਼ੀਲਤਾ ਨਾਲ ਕੰਮ ਕੀਤਾ। ਇਸ ਅਜ਼ੀਮ ਸਦਨ ਦੁਆਰਾ ਮੈਂ ਸਾਡੇ ਨਾਗਰਿਕਾਂ, ਵਲੰਟੀਅਰਾਂ ਅਤੇ ਅਧਿਕਾਰੀਆਂ ਦਾ ਦਿਲੋਂ ਧੰਨਵਾਦ ਕਰਨਾ ਚਾਹਾਂਗਾ, ਜਿਨ੍ਹਾਂ ਨੇ ਮੌਕੇ ’ਤੇ ਡਟ ਕੇ ਕੰਮ ਕੀਤਾ ਅਤੇ ਇੱਕ ਵਾਰ ਸਾਬਤ ਕੀਤਾ ਕਿ ਕੁਦਰਤੀ ਆਫ਼ਤਾਂ ਭਾਵੇਂ ਮੁਸ਼ਕਲਾਂ ਪੈਦਾ ਕਰ ਸਕਦੀਆਂ ਹਨ ਪਰ ਉਹ ਸਾਡੇ ਲੋਕਾਂ ਦੇ ਜਜ਼ਬੇ ਨੂੰ ਕਦੇ ਵੀ ਕਮਜ਼ੋਰ ਨਹੀਂ ਕਰ ਸਕਦੀਆਂ।

4. ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਯੋਗ ਅਗਵਾਈ ਹੇਠ, ਪੰਜਾਬ ਸਰਕਾਰ ਮੁਸ਼ਕਲ ਦੀ ਘੜੀ ਵਿੱਚ ਲੋਕਾਂ ਦੇ ਨਾਲ ਚਟਾਨ ਵਾਂਗ ਖੜ੍ਹੀ ਰਹੀ ਹੈ। ਲੋਕਾਂ ਨੂੰ ਤੁਰੰਤ ਰਾਹਤ ਅਤੇ ਸਹਾਇਤਾ ਦੇਣ ਲਈ ਰਾਜ ਸਰਕਾਰ ਨੇ ਫ਼ਸਲਾਂ, ਘਰਾਂ ਅਤੇ ਪਸ਼ੂਆਂ ਦੇ ਨੁਕਸਾਨ ਲਈ ਹੁਣ ਤੱਕ ਦੇ ਸਭ ਤੋਂ ਵੱਡੇ ਮੁਆਵਜ਼ਾ ਪੈਕੇਜ ਦਾ ਐਲਾਨ ਕੀਤਾ ਹੈ। ਇਸ ਤੋਂ ਵੀ ਅਹਿਮ ਗੱਲ ਇਹ ਹੈ

ਕਿ ਇਹ ਮੁਆਵਜ਼ਾ ਰਿਕਾਰਡ ਸਮੇਂ ਵਿੱਚ ਜਾਰੀ ਕੀਤਾ ਗਿਆ ਤਾਂ ਜੋ ਪ੍ਰਭਾਵਿਤ ਪਰਿਵਾਰਾਂ ਨੂੰ ਉਸ ਵੇਲੇ ਸਹਾਇਤਾ ਮਿਲ ਸਕੇ ਜਦੋਂ ਉਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਸੀ। ਇਹ ਹਰ ਚੁਣੌਤੀ ਵਿੱਚ ਪੰਜਾਬ ਦੇ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਦੀ ਸਾਡੀ ਸਰਕਾਰ ਦੀ ਅਟੱਲ ਵਚਨਬੱਧਤਾ ਨੂੰ ਦਰਸਾਉਂਦਾ ਹੈ ਤਾਂ ਜੋ ਕੋਈ ਵੀ ਨਾਗਰਿਕ ਔਖੇ ਸਮੇਂ ਵਿੱਚ ਬੇਸਹਾਰਾ ਮਹਿਸੂਸ ਨਾ ਕਰੇ।

5. ਅੱਜ ਦਾ ਬਜਟ ਕਈ ਪੱਖਾਂ ਤੋਂ ਇਤਿਹਾਸਕ ਹੈ। ਇਹ 'ਕੌਮਾਂਤਰੀ ਮਹਿਲਾ ਦਿਵਸ' ਦੇ ਸ਼ੁਭ ਅਵਸਰ 'ਤੇ ਪੇਸ਼ ਕੀਤਾ ਜਾ ਰਿਹਾ ਹੈ, ਜੋ ਔਰਤਾਂ ਦੀ ਸ਼ਕਤੀ, ਪ੍ਰਾਪਤੀਆਂ ਅਤੇ ਉਮੀਦਾਂ ਨੂੰ ਸਮਰਪਿਤ ਦਿਨ ਹੈ। ਪੰਜਾਬ ਦੀਆਂ ਧੀਆਂ ਨੇ ਖੇਡਾਂ, ਵਿਗਿਆਨ, ਕਲਾ ਅਤੇ ਜਨਤਕ ਜੀਵਨ ਵਿੱਚ ਰਾਜ ਅਤੇ ਦੇਸ਼ ਦਾ ਮਾਣ ਵਧਾਇਆ ਹੈ। ਹਰਮਨਪ੍ਰੀਤ ਕੌਰ ਵਰਗੀਆਂ ਸ਼ਖ਼ਸੀਅਤਾਂ ਉਸ ਹਿੰਮਤ, ਦ੍ਰਿੜਤਾ ਅਤੇ ਉੱਤਮਤਾ ਦਾ ਪ੍ਰਤੀਕ ਹਨ ਜੋ ਪੰਜਾਬ ਦੀਆਂ ਧੀਆਂ ਦੀ ਪਛਾਣ ਹੈ। ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਸਰਕਾਰ ਵੱਲੋਂ ਕੀਤੇ ਗਏ ਹਰ ਸੁਧਾਰ ਪਿੱਛੇ ਇਨ੍ਹਾਂ ਧੀਆਂ ਦੀਆਂ ਉਮੀਦਾਂ ਦੀ ਪ੍ਰੇਰਨਾ ਹੈ, ਜਿਸਦਾ ਮਕਸਦ ਉਨ੍ਹਾਂ ਨੂੰ ਸਤਿਕਾਰ, ਸ਼ਕਤੀਕਰਨ ਅਤੇ ਖੁਸ਼ਹਾਲੀ ਦੇ ਮੌਕੇ ਪ੍ਰਦਾਨ ਕਰਨਾ ਹੈ। ਇਹ ਬਜਟ ਪੰਜਾਬ ਦੀਆਂ ਮਾਵਾਂ ਅਤੇ ਧੀਆਂ ਨੂੰ ਸਮਰਪਿਤ ਹੈ ਜੋ ਉਨ੍ਹਾਂ ਦੀ ਸ਼ਕਤੀ ਨੂੰ ਸਿਜਦਾ ਅਤੇ ਸਾਡੇ ਸਮਾਜ ਦੇ ਸੁਨਹਿਰੇ ਭਵਿੱਖ ਵਿੱਚ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਦਾ ਜਸ਼ਨ ਹੈ।

6. ਮਾਣਯੋਗ ਸਪੀਕਰ ਸਾਹਿਬ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਯੋਗ ਅਗਵਾਈ ਹੇਠ ਜਿਸ ਦਿਨ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਰਾਜ ਦੀ ਜ਼ਿੰਮੇਵਾਰੀ ਸੰਭਾਲੀ ਹੈ, ਅਸੀਂ ਇਹ ਅਹਿਦ ਲਿਆ ਸੀ ਕਿ ਲੋਕਾਂ ਨੂੰ ਦਿੱਤੀਆਂ ਗਈਆਂ ਗਾਰੰਟੀਆਂ ਸਿਰਫ਼ ਕਾਗਜ਼ਾਂ ਦਾ ਸ਼ਿੰਗਾਰ

ਨਹੀਂ ਬਣਨਗੀਆਂ ਸਗੋਂ ਸਾਡੇ ਸ਼ਾਸਨ ਦੀ ਅਗਵਾਈ ਕਰਨਗੀਆਂ, ਸਾਡੇ ਬਜਟ ਨੂੰ ਆਕਾਰ ਦੇਣਗੀਆਂ, ਸਾਡੀਆਂ ਤਰਜੀਹਾਂ ਨੂੰ ਪਰਿਭਾਸ਼ਿਤ ਕਰਨਗੀਆਂ ਅਤੇ ਸਾਡੀ ਜਵਾਬਦੇਹੀ ਤੈਅ ਕਰਨਗੀਆਂ। ਮੈਂ ਇਸ ਅਜ਼ੀਮ ਸਦਨ ਦੇ ਸਨਮੁਖ ਬੇਹੱਦ ਫ਼ਖ਼ਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਸ਼ਾਇਦ ਹੀ ਕੋਈ ਅਜਿਹੀ ਸਰਕਾਰ ਰਹੀ ਹੋਵੇ, ਜਿਸ ਨੇ ਆਪਣੇ ਕਾਰਜਕਾਲ ਦੇ ਪੰਜਵੇਂ ਸਾਲ ਵਿੱਚ ਪੂਰੇ ਵਿਸ਼ਵਾਸ ਅਤੇ ਭਰੋਸੇਯੋਗਤਾ ਨਾਲ ਇਹ ਕਹਿਣ ਦੀ ਹਿੰਮਤ ਕੀਤੀ ਹੋਵੇ ਕਿ "ਪੰਜਾਬ ਦੇ ਲੋਕਾਂ ਨਾਲ ਕੀਤਾ ਗਿਆ ਹਰ ਵਾਅਦਾ ਪੂਰਾ ਕਰ ਦਿੱਤਾ ਗਿਆ ਹੈ।" ਸਾਡੀ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਇਹ ਗਾਰੰਟੀਆਂ ਮਹਿਜ਼ ਬਿਆਨੀ ਭਰੋਸੇ ਨਹੀਂ ਸਨ, ਸਗੋਂ ਢਾਂਚਾਗਤ ਨੀਤੀ ਦੇ ਤਹਿਤ ਚੁੱਕੇ ਗਏ ਕਦਮ ਸਨ, ਜਿਨ੍ਹਾਂ ਨੂੰ ਬਜਟੀ ਸਹਾਇਤਾ, ਸੰਸਥਾਗਤ ਸੁਧਾਰ ਅਤੇ ਮੁਲਾਂਕਣਯੋਗ ਨਤੀਜਿਆਂ ਦਾ ਸਮਰਥਨ ਸੀ। ਇਸ ਕਰ ਕੇ ਮੈਂ ਇਸ ਬਜਟ ਦਾ ਨਾਮ “ਸਾਰੀਆਂ ਗਰੰਟੀਆਂ ਪੂਰੀਆਂ ਕਰਨ ਵਾਲਾ ਬਜਟ” ਰੱਖਦਾ ਹਾਂ।

7. ਮਾਣਯੋਗ ਸਪੀਕਰ ਸਾਹਿਬ, ਇਨ੍ਹਾਂ ਗਾਰੰਟੀਆਂ ਦਾ ਪ੍ਰਭਾਵ ਲੋਕਾਂ ਦੇ ਰੋਜ਼ਾਨਾ ਜੀਵਨ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ। ਘਰੇਲੂ ਖਪਤਕਾਰਾਂ ਦੇ ਲਗਭਗ 90% ਤੋਂ ਜ਼ੀਰੋ ਬਿਜਲੀ ਬਿੱਲਾਂ ਨੇ ਰਾਜ ਭਰ ਦੇ ਲੱਖਾਂ ਪਰਿਵਾਰਾਂ ਨੂੰ ਨਿਰਵਿਘਨ ਵਿੱਤੀ ਰਾਹਤ ਪ੍ਰਦਾਨ ਕੀਤੀ ਹੈ। ਜਿਹੜੇ ਪਰਿਵਾਰ ਲੰਬੇ ਸਮੇਂ ਤੋਂ ਪਹੁੰਚਯੋਗ ਸਿਹਤ ਸੇਵਾਵਾਂ ਤੋਂ ਵਾਂਝੇ ਸਨ, ਉਹਨਾਂ ਲਈ 'ਆਮ ਆਦਮੀ ਕਲੀਨਿਕਾਂ' ਨੇ ਘਰਾਂ ਦੇ ਨੇੜੇ ਮੁਫ਼ਤ ਸਲਾਹ-ਮਸ਼ਵਰਾ, ਦਵਾਈਆਂ ਅਤੇ ਟੈਸਟਾਂ ਦੀ ਸਹੂਲਤ ਪ੍ਰਦਾਨ ਕੀਤੀ ਹੈ ਜਿਸ ਨੇ ਮੁਢਲੀ ਡਾਕਟਰੀ ਪਹੁੰਚ ਨੂੰ ਬੁਨਿਆਦੀ ਤੌਰ 'ਤੇ ਨਵਾਂ ਰੂਪ ਦਿੱਤਾ ਹੈ। ਇਸ ਤੋਂ ਇਲਾਵਾ ਪਿਛਲੇ ਬਜਟ ਵਿੱਚ ਦਿੱਤੇ ਭਰੋਸੇ ਅਨੁਸਾਰ ਸਰਕਾਰ ਨੇ ‘ਮੁੱਖ ਮੰਤਰੀ ਸਿਹਤ ਯੋਜਨਾ’ ਸ਼ੁਰੂ ਕਰ ਦਿੱਤੀ ਹੈ।

ਇਸ ਯੋਜਨਾ ਵਿੱਚ ਪੰਜਾਬ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਹ ਵਚਨਬੱਧਤਾ ਯਕੀਨੀ ਬਣਾਉਂਦੀ ਹੈ ਕਿ ਹੁਣ ਕਿਸੇ ਵੀ ਨਾਗਰਿਕ ਨੂੰ ਜ਼ਰੂਰੀ ਡਾਕਟਰੀ ਇਲਾਜ ਲਈ ਪੈਸੇ ਦੀ ਤੰਗੀ ਕਾਰਨ ਮਜ਼ਬੂਰ ਨਹੀਂ ਹੋਣਾ ਪਵੇਗਾ।

8. ਸਿੱਖਿਆ ਦੇ ਖੇਤਰ ਵਿੱਚ 'ਸਕੂਲ ਆਫ਼ ਐਮੀਨੈਂਸ' ਰਾਹੀਂ ਸਰਕਾਰੀ ਸਕੂਲਾਂ ਦੇ ਰੂਪਾਂਤਰਨ ਨੇ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਮਿਆਰੀ ਸਿੱਖਿਆ ਕੋਈ ਨਿੱਜੀ ਅਧਿਕਾਰ ਨਾ ਹੋ ਕੇ ਜਨਤਕ ਗਾਰੰਟੀ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਵਰਗੀਆਂ ਸ਼ੁਰੂਆਤਾਂ ਅਜਿਹੇ ਪ੍ਰਸ਼ਾਸਨਿਕ ਫਲਸਫੇ ਨੂੰ ਦਰਸਾਉਂਦੀਆਂ ਹਨ ਜੋ ਆਸਥਾ ਦਾ ਆਦਰ ਕਰਦਾ ਹੈ, ਬਜ਼ੁਰਗਾਂ ਦਾ ਮਾਣ ਵਧਾਉਂਦਾ ਹੈ ਅਤੇ ਪੰਜਾਬੀ ਸਮਾਜ ਦੇ ਭਾਵਨਾਤਮਕ ਅਤੇ ਸੱਭਿਆਚਾਰਕ ਤਾਣੇ-ਬਾਣੇ ਨੂੰ ਮਾਨਤਾ ਦਿੰਦਾ ਹੈ। ਅਸਲ ਵਿੱਚ ਲੋਕ-ਪੱਖੀ ਸਰਕਾਰ ਅਜਿਹੀ ਹੀ ਹੁੰਦੀ ਹੈ।

9. ਮਾਣਯੋਗ ਸਪੀਕਰ ਸਾਹਿਬ, ਵਿਰਸੇ ਵਿੱਚ ਮਿਲੀਆਂ ਚੁਣੌਤੀਆਂ ਬਾਰੇ ਸਪਸ਼ਟ ਗੱਲ ਕਰਨੀ ਵੀ ਲਾਜ਼ਮੀ ਹੈ। ਜਦੋਂ ਇਹ ਸਰਕਾਰ ਸੱਤਾ ਵਿੱਚ ਆਈ ਤਾਂ ਪੰਜਾਬ ਦੇ ਸਰਕਾਰੀ ਖਜ਼ਾਨੇ ਦੀ ਹਾਲਤ ਬਹੁਤ ਨਾਜ਼ੁਕ ਸੀ, ਲੋਕਾਂ ਦਾ ਭਰੋਸਾ ਕਮਜ਼ੋਰ ਹੋ ਚੁੱਕਿਆ ਸੀ ਅਤੇ ਨਸ਼ਿਆਂ ਦਾ ਵਧ ਰਿਹਾ ਪ੍ਰਭਾਵ ਪੂਰੀ ਦੀ ਪੂਰੀ ਪੀੜ੍ਹੀ ਨੂੰ ਖੋਖਲਾ ਕਰ ਰਿਹਾ ਸੀ। ਅਸੀਂ ਇਹਨਾਂ ਚੁਣੌਤੀਆਂ ਤੋਂ ਮੁੱਖ ਨਹੀਂ ਮੋੜਿਆ ਸਗੋਂ ਅਸੀਂ ਅਨੁਸ਼ਾਸਿਤ ਵਿੱਤੀ ਪ੍ਰਬੰਧਨ, ਮਾਲੀਆ ਵਧਾਉਣ ਲਈ ਕੀਤੇ ਗਏ ਸੁਧਾਰਾਂ ਤੇ ਖਰਚਿਆਂ ਨੂੰ ਤਰਕਸੰਗਤ ਬਣਾ ਕੇ ਵਿੱਤੀ ਸਥਿਰਤਾ ਦੀ ਬਹਾਲੀ ਲਈ ਕੰਮ ਕੀਤਾ ਅਤੇ ਲੋਕ-ਭਲਾਈ ਪ੍ਰਤੀ ਆਪਣੀਆਂ ਵਚਨਬੱਧਤਾਵਾਂ ਦੀ ਰਾਖੀ ਕੀਤੀ।

10. ਇਸੇ ਸਮੇਂ ਦੌਰਾਨ ਨਸ਼ਿਆਂ ਵਿਰੁੱਧ ਲੜਾਈ ਨੂੰ ਦ੍ਰਿੜਤਾ ਨਾਲ ਲੜਨ ਲਈ ਮਜ਼ਬੂਤ ਸਿਆਸੀ-ਅਪਰਾਧਕ ਗਠਜੋੜ ਨੂੰ ਤੋੜਿਆ ਗਿਆ; ਕਾਨੂੰਨੀ ਸ਼ਿਕੰਜਾ ਕਸਿਆ ਗਿਆ; ਨਸ਼ਾ ਛੁਡਾਊ ਅਤੇ ਮੁੜ ਵਸੇਬਾ ਯਤਨਾਂ ਦਾ ਵਿਸਥਾਰ ਕੀਤਾ ਗਿਆ। ਇਹਨਾਂ ਕੋਸ਼ਿਸ਼ਾਂ ਤੋਂ ਜਾਹਿਰ ਹੈ ਕਿ ਪੰਜਾਬ ਦੇ ਨੌਜਵਾਨਾਂ ਦੇ ਰੌਸ਼ਨ ਭਵਿੱਖ ਲਈ ਹਲਾਤਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਇਹ ਸੰਘਰਸ਼ ਮੁਸ਼ਕਲ ਹੈ ਪਰ ਲਾਜ਼ਮੀ ਹੈ।

11. ਮਾਣਯੋਗ ਸਪੀਕਰ ਸਾਹਿਬ, ਆਪ ਸਰਕਾਰ ਦਾ ਇਹ ਪੰਜਵਾਂ ਬਜਟ ਸਾਡੇ ਪ੍ਰਸ਼ਾਸਨ ਦੇ ਸਫ਼ਰ ਵਿੱਚ ਫ਼ੈਸਲਾਕੁੰਨ ਮੋੜ ਹੈ। ਇਹ ਪਿਛਲੇ ਚਾਰ ਸਾਲਾਂ ਦੀਆਂ ਪ੍ਰਾਪਤੀਆਂ ਨੂੰ ਸਮੁੱਚ ਵਿਚ ਪੇਸ਼ ਕਰਦਾ ਹੈ ਅਤੇ ਪੰਜਾਬ ਦੀ ਤਰੱਕੀ ਦੇ ਅਗਲੇ ਪੜਾਅ ਲਈ ਦਿਸ਼ਾ ਵੀ ਤੈਅ ਕਰਦਾ ਹੈ। ਹੁਣ ਸਾਡਾ ਸਾਰਾ ਧਿਆਨ ਸੁਧਾਰ ਕਿਰਿਆਵਾਂ ਨੂੰ ਹੋਰ ਵਿਆਪਕ ਬਣਾਉਣ, ਸੇਵਾਵਾਂ ਦੀ ਰਸਾਈ ਨੂੰ ਹੋਰ ਮਜ਼ਬੂਤ ਕਰਨ ਅਤੇ ਇਹ ਯਕੀਨੀ ਬਣਾਉਣ 'ਤੇ ਕੇਂਦ੍ਰਿਤ ਹੈ ਕਿ ਪਿਛਲੇ ਚਾਰ ਸਾਲਾਂ ਵਿੱਚ ਰੱਖੀਆਂ ਗਈਆਂ ਬੁਨਿਆਦਾਂ, ਸੂਬੇ ਲਈ ਚਿਰਸਥਾਈ ਅਤੇ ਸਰਬਪੱਖੀ ਵਿਕਾਸ ਦੀ ਹਕੀਕਤ ਵਿੱਚ ਤਬਦੀਲ ਹੋਣ। ਇਹ ਪੰਜਾਬ ਦੇ ਲੋਕਾਂ ਲਈ ਨਵੀਂ ਮਿਸਾਲ ਕਾਇਮ ਕਰਦਾ ਹੈ ਕਿ ਸਿਰਫ਼ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਜਨਤਾ ਨੂੰ ਦਿੱਤੀ ਹਰ ਗਾਰੰਟੀ ਨੂੰ ਪੂਰਾ ਕਰ ਸਕਦੀ ਹੈ ਜਦੋਂ ਕਿ ਦੂਜੀਆਂ ਪਾਰਟੀਆਂ ਨੇ 75 ਸਾਲਾਂ ਤੱਕ ਲੋਕਾਂ ਨੂੰ ਮੂਰਖ਼ ਬਣਾਇਆ ਅਤੇ ਪੰਜਾਬ ਨੂੰ ਲੁੱਟਿਆ ਹੈ। ਇਸੇ ਦ੍ਰਿੜ ਇਰਾਦੇ ਅਤੇ ਜ਼ਿੰਮੇਵਾਰੀ ਦੀ ਸੱਚੀ ਭਾਵਨਾ ਨਾਲ, ਮੈਂ ਹੁਣ ਵਿੱਤੀ ਸਾਲ 2026-27 ਦਾ ਬਜਟ ਮਾਣਯੋਗ ਸਦਨ ਦੇ ਸਾਹਮਣੇ ਪੇਸ਼ ਕਰਦਾ ਹਾਂ।

## ਬਜਟ ਵਿੱਤੀ ਸਾਲ 2026-27

ਮਾਣਯੋਗ ਸਪੀਕਰ ਸਾਹਿਬ,

12. ਪਿਛਲੇ ਸਾਲ ਦੌਰਾਨ ਪੰਜਾਬ ਦੀ ਆਰਥਿਕਤਾ ਨੇ ਸਥਿਰ ਮਜ਼ਬੂਤੀ ਅਤੇ ਢਾਂਚਾਗਤ ਸੰਤੁਲਨ ਦਾ ਪ੍ਰਦਰਸ਼ਨ ਕੀਤਾ ਹੈ। ਵਿੱਤੀ ਸਾਲ 2025-26 ਲਈ ਰਾਜ ਦੀ ਕੁੱਲ ਘਰੇਲੂ ਉਪਜ (ਜੀ.ਐੱਸ.ਡੀ.ਪੀ) 8,91,487 ਕਰੋੜ ਰੁਪਏ ਅਨੁਮਾਨਿਤ ਹੈ। ਵਿੱਤੀ ਸਾਲ 2026-27 ਲਈ ਰਾਜ ਦੀ ਕੁੱਲ ਘਰੇਲੂ ਉਪਜ 9,80,635 ਕਰੋੜ ਰੁਪਏ ਤੱਕ ਪਹੁੰਚਣ ਦਾ ਪੂਰਵ-ਅਨੁਮਾਨ ਹੈ, ਜਿਸ ਵਿੱਚ 10 ਪ੍ਰਤੀਸ਼ਤ ਦੀ ਵਿਕਾਸ ਦਰ ਦਾ ਅੰਦਾਜ਼ਾ ਲਗਾਇਆ ਗਿਆ ਹੈ। ਇਹ ਵਾਧਾ ਖੇਤੀਬਾੜੀ ਦੀ ਬਿਹਤਰ ਪੈਦਾਵਾਰ, ਸੇਵਾ ਖੇਤਰ ਦੇ ਪਸਾਰ ਅਤੇ ਮਜ਼ਬੂਤ ਉਦਯੋਗਿਕ ਵਿਕਾਸ ਦੀ ਰਫ਼ਤਾਰ 'ਤੇ ਅਧਾਰਿਤ ਹੋਵੇਗਾ।

ਮਾਣਯੋਗ ਸਪੀਕਰ ਸਾਹਿਬ,

13. ਮੈਂ ਵਿੱਤੀ ਸਾਲ 2026-27 ਲਈ 2,60,437 ਕਰੋੜ ਰੁਪਏ ਦੇ ਕੁੱਲ ਬਜਟ ਖਰਚੇ ਦੀ ਤਜਵੀਜ਼ ਪੇਸ਼ ਕਰਦਾ ਹਾਂ। ਜੀ.ਐੱਸ.ਡੀ.ਪੀ. ਦਾ ਪ੍ਰਭਾਵੀ ਮਾਲੀਆ ਘਾਟਾ 2.06 ਪ੍ਰਤੀਸ਼ਤ ਅਤੇ ਜੀ.ਐੱਸ.ਡੀ.ਪੀ. ਦਾ ਵਿੱਤੀ ਘਾਟਾ 4.08 ਪ੍ਰਤੀਸ਼ਤ ਰਹਿਣ ਦਾ ਅਨੁਮਾਨ ਹੈ। ਇਹ ਬਜਟ ਅਨੁਮਾਨ ਸਾਡੇ ਉਸ ਸੰਕਲਪ ਨੂੰ ਹੋਰ ਦ੍ਰਿੜ ਕਰਦੇ ਹਨ, ਜਿਸ ਵਿੱਚ ਅਸੀਂ ਸੰਤੁਲਿਤ ਵਿੱਤੀ ਪ੍ਰਬੰਧਨ ਦੇ ਨਾਲ-ਨਾਲ ਆਰਥਿਕ ਤਰੱਕੀ ਅਤੇ ਲੋਕ ਭਲਾਈ ਦੇ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਲਈ ਵਚਨਬੱਧ ਹਾਂ।

14. ਪੰਜਾਬ ਦੀ ਵਿਕਾਸ ਯਾਤਰਾ ਦੇ ਅਗਲੇ ਪੜਾਅ ਵੱਲ ਵਧਦਿਆਂ, ਹੁਣ ਮੈਂ ਇਸ ਪਵਿੱਤਰ ਸਦਨ ਦੇ ਸਨਮੁੱਖ ਵਿੱਤੀ ਸਾਲ 2026-27 ਲਈ ਵੱਖ-ਵੱਖ ਖੇਤਰਾਂ ਨਾਲ ਸਬੰਧਤ ਮੁੱਖ ਪਹਿਲਕਦਮੀਆਂ ਅਤੇ ਬਜਟ ਪ੍ਰਬੰਧ ਪੇਸ਼ ਕਰ ਰਿਹਾ ਹਾਂ। ਇਸ ਬਜਟ ਦੀ ਹਰ ਵੰਡ ਸੁਧਾਰਾਂ ਦੀ ਪ੍ਰਕਿਰਿਆ ਨੂੰ ਤੇਜ਼ ਕਰਨ, ਪਹੁੰਚ ਦੇ ਦਾਇਰੇ ਨੂੰ ਵਧਾਉਣ ਅਤੇ ਜਨਤਕ ਸੇਵਾਵਾਂ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਦੇ ਸਾਡੇ ਸੁਹਿਰਦ ਯਤਨਾਂ ਦਾ ਪ੍ਰਗਟਾਵਾ ਕਰਦੀ ਹੈ।

# ਸਿੱਖਿਆ

15. ਮਾਣਯੋਗ ਸਪੀਕਰ ਸਾਹਿਬ, ਪੰਜਾਬ ਵਿੱਚ ਸਿੱਖਿਆ ਸੁਧਾਰ ਸਿਰਫ਼ ਵਾਅਦਿਆਂ ਤੋਂ ਅੱਗੇ ਵਧ ਕੇ ਹੁਣ ਢਾਂਚਾਗਤ ਤਬਦੀਲੀ ਦੇ ਪੜਾਅ ਵਿੱਚ ਪਹੁੰਚ ਚੁੱਕੇ ਹਨ। ਪਿਛਲੇ ਚਾਰ ਸਾਲਾਂ ਦੌਰਾਨ ਅਸੀਂ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ, ਮੁਢਲੀ ਸਿੱਖਿਆ ਨੂੰ ਮਜ਼ਬੂਤ ਕਰਨ ਅਤੇ ਸਰਕਾਰੀ ਸਕੂਲ ਪ੍ਰਣਾਲੀ ਵਿਚ 'ਸੈਂਟਰ ਆਫ਼ ਐਕਸੀਲੈਂਸ' ਸਥਾਪਿਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਹੈ। ਵਿੱਤੀ ਸਾਲ 2026-27 ਵਿੱਚ, ਇਹ ਸੁਧਾਰ ਯਾਤਰਾ ਆਪਣੇ ਅਗਲੇ ਪੜਾਅ 'ਵਿਸਥਾਰ ਦੇ ਨਾਲ ਮਜ਼ਬੂਤੀ' ਵਿੱਚ ਦਾਖਲ ਹੋ ਰਹੀ ਹੈ। ਮੈਂ ਵਿੱਤੀ ਸਾਲ 2026-27 ਵਿੱਚ ਸਿੱਖਿਆ ਖੇਤਰ ਲਈ 19,279 ਕਰੋੜ ਰੁਪਏ ਦੇ ਬਜਟ ਉਪਬੰਧ ਦੀ ਤਜਵੀਜ਼ ਰੱਖਦਾ ਹਾਂ, ਜੋ ਵਿੱਤੀ ਸਾਲ 2025-26 ਤੋਂ 7% ਵੱਧ ਹੈ।

## ਸਕੂਲੀ ਸਿੱਖਿਆ

16. ਮਾਣਯੋਗ ਸਪੀਕਰ ਸਾਹਿਬ, ਪੰਜਾਬ ਦਾ ਭਵਿੱਖ ਸਕੂਲਾਂ ਦੀਆਂ ਕਲਾਸਾਂ ਵਿੱਚ ਲਿਖਿਆ

ਜਾਵੇਗਾ। ਦੁਨੀਆ ਦੇ ਹਰ ਵਿਕਸਤ ਦੇਸ਼ ਦੀ ਕਾਮਯਾਬੀ ਪਿੱਛੇ ਇੱਕੋ-ਇਕ ਨੀਂਹ ਹੁੰਦੀ ਹੈ, ਉਹ ਹੈ ਉੱਥੋਂ ਦੇ ਬੱਚਿਆਂ ਨੂੰ ਮਿਲਣ ਵਾਲੀ ਮਿਆਰੀ ਸਿੱਖਿਆ। ਜੇਕਰ ਪੰਜਾਬ ਨੇ ਵਿਸ਼ਵ ਪੱਧਰ 'ਤੇ ਮੁਕਾਬਲਾ ਕਰਨਾ ਹੈ, ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਹਨ, ਨਿਵੇਸ਼ ਆਕਰਸ਼ਿਤ ਕਰਨਾ ਹੈ ਅਤੇ ਅਗਲੀ ਪੀੜ੍ਹੀ ਲਈ ਖੁਸ਼ਹਾਲੀ ਯਕੀਨੀ ਬਣਾਉਣੀ ਹੈ ਤਾਂ ਸਿੱਖਿਆ ਨੂੰ ਸਿਰਫ਼ ਆਮ ਵਿਭਾਗ ਵਜੋਂ ਨਹੀਂ ਦੇਖਿਆ ਜਾ ਸਕਦਾ। ਇਹ ਮਿਸ਼ਨ ਹੋਣਾ ਚਾਹੀਦਾ ਹੈ। ਇਹ ਪ੍ਰਸ਼ਾਸਨ ਦਾ ਕੇਂਦਰ ਬਿੰਦੂ ਹੋਣਾ ਚਾਹੀਦਾ ਹੈ। ਇਸ ਸਰਕਾਰ ਨੇ ਇਸ ਗੱਲ ਨੂੰ ਸਪੱਸ਼ਟਤਾ, ਦ੍ਰਿੜਤਾ ਅਤੇ ਹਿੰਮਤ ਨਾਲ ਸਮਝਦੇ ਹੋਏ ਇਹ ਕਦਮ ਚੁੱਕਿਆ ਹੈ।

17. ਪੰਜਾਬ ਵਿੱਚ ਹਮੇਸ਼ਾ ਕਾਬਲ ਲੋਕ, ਉੱਦਮੀ ਭਾਵਨਾ ਅਤੇ ਭਰਪੂਰ ਕੁਦਰਤੀ ਸਰੋਤ ਰਹੇ ਹਨ। ਲੋੜ ਸੀ ਤਾਂ ਸਿਰਫ਼ ਨਿਰਣਾਇਕ ਲੀਡਰਸ਼ਿਪ ਦੀ। ਪੰਜਾਬ ਸਿੱਖਿਆ ਕ੍ਰਾਂਤੀ ਤਹਿਤ, ਅਸੀਂ ਸਿੱਖਿਆ ਨੂੰ ਰਾਜਨੀਤਿਕ ਏਜੰਡੇ 'ਤੇ ਸਭ ਤੋਂ ਉੱਪਰ ਰੱਖਣ ਅਤੇ ਬੇਮਿਸਾਲ ਸੁਧਾਰਾਂ ਅਤੇ ਨਿਵੇਸ਼ਾਂ ਨਾਲ ਇਸਨੂੰ ਸਮਰਥਨ ਦੇਣ ਦਾ ਬਹਾਦਰੀ ਭਰਿਆ ਅਤੇ ਇਤਿਹਾਸਕ ਫੈਸਲਾ ਲਿਆ ਹੈ। ਮਾਣਯੋਗ ਸਪੀਕਰ ਸਾਹਿਬ, ਇਸ ਵਚਨਬੱਧਤਾ ਦੇ ਨਤੀਜੇ ਅੱਜ ਸਾਡੇ ਸਾਹਮਣੇ ਹਨ। ਪੰਜਾਬ, ਭਾਰਤ ਸਰਕਾਰ ਦੇ ਪਰਖ ਰਾਸ਼ਟਰੀ ਸਰਵੇਖਣ 2024 ਵਿੱਚ ਜਮਾਤਾਂ ਦੇ ਸਿੱਖਣ ਨਤੀਜਿਆਂ ਵਿੱਚ ਨੰਬਰ ਇੱਕ 'ਤੇ ਰਿਹਾ ਹੈ। ਪੰਜਾਬ ਨੇ ਕੇਰਲ ਵਰਗੇ ਰਾਜ ਨੂੰ ਵੀ ਪਛਾੜ ਦਿੱਤਾ ਹੈ ਜੋ ਕਈ ਸਾਲਾਂ ਤੋਂ ਸਿੱਖਿਆ ਦੇ ਖੇਤਰ ਵਿੱਚ ਚੋਟੀ ਦੇ ਪ੍ਰਦਰਸ਼ਨ ਕਰਨ ਵਾਲੇ ਰਾਜਾਂ ਵਿੱਚ ਲਗਾਤਾਰ ਸ਼ਾਮਲ ਰਿਹਾ ਹੈ। ਪੰਜਾਬ ਦੇ ਸਰਕਾਰੀ ਸਕੂਲਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉੱਤਮਤਾ ਕੁਝ ਚੋਣਵੇਂ ਲੋਕਾਂ ਦਾ ਵਿਸ਼ੇਸ਼ ਅਧਿਕਾਰ ਨਹੀਂ, ਸਗੋਂ ਹਰ ਬੱਚੇ ਦਾ ਅਧਿਕਾਰ ਹੈ।

18. ਰਾਸ਼ਟਰੀ ਪੱਧਰ 'ਤੇ ਮੋਹਰੀ ਸਥਾਨ ਹਾਸਲ ਕਰਨ ਤੋਂ ਬਾਅਦ ਅਸੀਂ ਹੁਣ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਗਲੋਬਲ ਬੈਂਚਮਾਰਕ ਲਈ ਤਿਆਰ ਕਰ ਰਹੇ ਹਾਂ। ਇੱਕ ਨਿਰਣਾਇਕ ਮੀਲ ਪੱਥਰ ਵਜੋਂ ਪੰਜਾਬ ਸਰਕਾਰ ਨੇ ਸਿੱਖਿਆ ਪ੍ਰਣਾਲੀ ਨੂੰ ਬਦਲਣ ਲਈ 'ਸਿੱਖਿਆ ਕ੍ਰਾਂਤੀ 2.0' ਪਹਿਲਕਦਮੀ ਲਾਂਚ ਕਰਨ ਦਾ ਫੈਸਲਾ ਕੀਤਾ ਹੈ ਇਸ ਦੇ ਵਾਸਤੇ ਅਗਲੇ 6 ਸਾਲਾਂ ਦੌਰਾਨ 3,500 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਹੈ। ਅਸੀਂ ਸਕੂਲੀ ਸਿੱਖਿਆ ਦੇ ਕਾਇਆ-ਕਲਪ ਲਈ ਵਿਸ਼ਵ ਬੈਂਕ ਨਾਲ ਇਤਿਹਾਸਕ ਕੋਲੈਬੋਰੇਸ਼ਨ ਕੀਤਾ ਹੈ। ਇਹ ਪੰਜਾਬ ਦੇ ਇਤਿਹਾਸ ਵਿੱਚ ਸਿੱਖਿਆ ਸੁਧਾਰਾਂ ਲਈ ਕੀਤੇ ਜਾਣ ਵਾਲੇ ਸਭ ਤੋਂ ਵੱਡੇ ਨਿਵੇਸ਼ਾਂ ਵਿੱਚੋਂ ਇੱਕ ਹੈ। ਇਹ ਮਿਸ਼ਨ ਬੁਨਿਆਦੀ ਸਾਖਰਤਾ ਅਤੇ ਅੰਕ ਗਿਆਨ ਨੂੰ ਮਜ਼ਬੂਤ ਕਰੇਗਾ, ਵਿਗਿਆਨ ਅਤੇ ਕਾਮਰਸ ਵਿਸ਼ਿਆਂ ਦਾ ਵਿਸਥਾਰ ਕਰੇਗਾ, ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਸਸ਼ਕਤ ਕਰੇਗਾ, ਕਰੀਅਰ ਕਾਊਂਸਲਿੰਗ ਨੂੰ ਸੰਸਥਾਗਤ ਰੂਪ ਦੇਵੇਗਾ ਅਤੇ ਪ੍ਰਸ਼ਾਸਨਿਕ ਪ੍ਰਣਾਲੀਆਂ ਨੂੰ ਆਧੁਨਿਕ ਬਣਾਵੇਗਾ। ਪੰਜਾਬ ਸਿਰਫ਼ ਸਕੂਲਾਂ ਵਿੱਚ ਸੁਧਾਰ ਨਹੀਂ ਕਰ ਰਿਹਾ ਸਗੋਂ ਅਸੀਂ ਅਗਲੀ ਪੀੜ੍ਹੀ ਲਈ ਪੂਰੇ ਸਿੱਖਿਆ ਈਕੋਸਿਸਟਮ ਨੂੰ ਨਵੇਂ ਸਿਰੇ ਤੋਂ ਡਿਜ਼ਾਈਨ ਕਰ ਰਹੇ ਹਾਂ।

19. ਗੁਣਵੱਤਾ ਵਾਲੀ ਸਿੱਖਿਆ ਲਈ ਸਨਮਾਨਜਨਕ, ਸੁਰੱਖਿਅਤ ਅਤੇ ਮਜ਼ਬੂਤ ਬੁਨਿਆਦੀ ਢਾਂਚਾ ਜ਼ਰੂਰੀ ਹੈ। ਲਗਭਗ 20,000 ਸਰਕਾਰੀ ਸਕੂਲਾਂ ਵਿੱਚ, ਅਸੀਂ ਬੁਨਿਆਦੀ ਅਤੇ ਉੱਨਤ ਦੋਵਾਂ ਮਿਆਰਾਂ ਨੂੰ ਯਕੀਨੀ ਬਣਾਇਆ ਹੈ। ਅੱਜ 99 ਪ੍ਰਤੀਸ਼ਤ ਸਕੂਲਾਂ ਵਿੱਚ ਚਾਰਦੀਵਾਰੀ ਹੈ। 10,095 ਪਖਾਨਿਆਂ ਦਾ ਨਿਰਮਾਣ ਕੀਤਾ ਗਿਆ ਹੈ। ਇੱਕ ਲੱਖ ਤੋਂ ਵੱਧ ਨਵੇਂ ਡੈਸਕਾਂ ਦੀ ਖਰੀਦ ਕਰਕੇ ਯਕੀਨੀ ਬਣਾਇਆ ਹੈ ਕਿ ਕੋਈ ਵੀ ਬੱਚਾ ਫਰਸ਼ 'ਤੇ ਨਾ ਬੈਠੇ। 8,286 ਸਫਾਈ ਕਰਮਚਾਰੀ ਸਕੂਲਾਂ ਵਿੱਚ ਰੋਜ਼ਾਨਾ ਸਫਾਈ ਨੂੰ ਯਕੀਨੀ ਬਣਾ ਰਹੇ ਹਨ। 3,000 ਤੋਂ ਵੱਧ

ਸੁਰੱਖਿਆ ਕਰਮਚਾਰੀ ਸਕੂਲ ਕੈਂਪਸਾਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਰਹੇ ਹਨ। 1,798 ਕੈਂਪਸ ਮੈਨੇਜਰ ਸਕੂਲ ਪ੍ਰਸ਼ਾਸਨ ਵਿੱਚ ਸਹਾਇਤਾ ਕਰਦੇ ਹਨ। ਵਧਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲਗਭਗ 6,200 ਕਲਾਸਰੂਮਾਂ ਦਾ ਨਿਰਮਾਣ ਕੀਤਾ ਗਿਆ ਹੈ ਅਤੇ 4,700 ਦਾ ਨਵੀਨੀਕਰਨ ਕੀਤਾ ਗਿਆ ਹੈ। ਇਸ ਸਾਲ ਸਕੂਲ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ 690 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਇਹ ਸਾਲ ਵੱਡੇ ਪੱਧਰ 'ਤੇ ਸਕੂਲਾਂ ਦੀ ਸਫ਼ੈਦੀ ਕਰਨ ਅਤੇ ਸੁੰਦਰੀਕਰਨ ਦੀ ਮੁਹਿੰਮ ਤੇ ਕੇਂਦਰਿਤ ਰਹੇਗਾ ਤਾਂ ਜੋ ਹਰ ਸਰਕਾਰੀ ਸਕੂਲ ਮਾਣ, ਸੁਹੱਪਣ ਅਤੇ ਸੁਪਨਿਆਂ ਵਾਲੀ ਥਾਂ ਨੂੰ ਪ੍ਰਗਟਾਵੇ।

20. ਮਾਣਯੋਗ ਸਪੀਕਰ ਸਾਹਿਬ, ਸਾਡੇ 118 ਸਕੂਲ ਆਫ਼ ਐਮੀਨੈਂਸ ਜਨਤਕ ਸਿੱਖਿਆ ਨੂੰ ਪੁਨਰ-ਪਰਿਭਾਸ਼ਤ ਰਹੇ ਹਨ। ਰਾਸ਼ੀ 193 ਕਰੋੜ ਰੁਪਏ ਦੇ ਅਲਾਟਮੈਂਟ ਨੇ ਪਹਿਲਾਂ ਹੀ ਇਨ੍ਹਾਂ ਸੰਸਥਾਵਾਂ ਵਿੱਚ ਬੁਨਿਆਦੀ ਢਾਂਚੇ, ਤਕਨਾਲੋਜੀ, ਫਰਨੀਚਰ, ਵਰਦੀ ਅਤੇ ਪੇਸ਼ੇਵਰ ਸੇਵਾਵਾਂ ਨੂੰ ਮਜ਼ਬੂਤ ਕੀਤਾ ਹੈ। ਨਤੀਜੇ ਖੁਦ ਬਿਆਨ ਕਰਦੇ ਹਨ ਕਿ 2025 ਵਿੱਚ, ਸਰਕਾਰੀ ਸਕੂਲਾਂ ਤੋਂ 267 ਵਿਦਿਆਰਥੀਆਂ ਨੇ ਜੇ.ਈ.ਈ ਮੇਨਜ਼ ਅਤੇ 847 ਨੇ ਨੀਟ (ਐੱਨ.ਈ.ਈ.ਟੀ) ਪ੍ਰਤਿਯੋਗਤਾ ਪਾਸ ਕੀਤੀ। ਇਹ 2022 ਤੋਂ ਬਾਅਦ ਲਗਭਗ 5 ਗੁਣਾ ਵਾਧਾ ਹੈ! ਅਸੀਂ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਦੇ ਅੰਦਰ ਹੀ ਵਿਵਸਥਿਤ ਪੇਸ਼ੇਵਰ ਤਿਆਰੀ ਕਰਵਾਉਣ ਲਈ ਵੱਕਾਰੀ ਕੋਚਿੰਗ ਸੰਸਥਾਵਾਂ ਦੇ ਮਾਹਰਾਂ ਨਾਲ ਭਾਈਵਾਲੀ ਕਰ ਰਹੇ ਹਾਂ। ਪੰਜਾਬ ਦੀ ਪ੍ਰਤਿਭਾ ਹੁਣ ਆਮਦਨ ਜਾਂ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਬਰਾਬਰੀ ਕਰੇਗੀ। ਅਸੀਂ ਆਪਣੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਨੂੰ ਯਕੀਨੀ ਬਣਾਉਣ ਲਈ ਨਿਵੇਸ਼ ਕਰਨਾ ਜਾਰੀ ਰੱਖਾਂਗੇ।

21. ਸਿੱਖਿਆ ਦਾ ਟੀਚਾ ਸਾਰਥਕ ਭਵਿੱਖ ਵੱਲ ਲੈ ਕੇ ਜਾਣਾ ਹੁੰਦਾ ਹੈ। ਅਸੀਂ ਕਲਾਸ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਲਗਭਗ 7.35 ਲੱਖ ਵਿਦਿਆਰਥੀਆਂ ਲਈ ਸੂਬਾ ਪੱਧਰੀ 'ਕੈਰੀਅਰ ਕੌਂਸਲਿੰਗ ਫਰੇਮਵਰਕ' ਨੂੰ ਅਮਲੀ ਰੂਪ ਦੇ ਰਹੇ ਹਾਂ। ਅਸੀਂ ਆਪਣੇ ਬੱਚਿਆਂ ਨੂੰ ਨੌਕਰੀਆਂ ਅਤੇ ਉੱਚ ਸਿੱਖਿਆ ਦੇ ਫੈਸਲਿਆਂ ਬਾਰੇ ਵਧੇਰੇ ਜਾਗਰੂਕ ਬਣਾਉਣ ਲਈ ਕੈਰੀਅਰ ਸਲਾਹਕਾਰ ਸਹਾਇਤਾ ਪੋਰਟਲ ਸ਼ੁਰੂ ਕਰਾਂਗੇ।

22. ਵਿੱਦਿਅਕ ਸੁਧਾਰਾਂ ਦੇ ਨਾਲ-ਨਾਲ, ਅਸੀਂ ਸਰਕਾਰੀ ਸੈਕੰਡਰੀ ਸਕੂਲਾਂ ਵਿੱਚ ਬੇਮਿਸਾਲ ਡਿਜੀਟਲ ਪਰਿਵਰਤਨ ਸ਼ੁਰੂ ਕੀਤਾ ਹੈ। ਅਸੀਂ ਆਪਣੇ ਸਰਕਾਰੀ ਸਕੂਲਾਂ ਦੇ ਡਿਜੀਟਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਲਗਭਗ 395 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਇਸ ਸਮੇਂ, ਸਰਕਾਰੀ ਸਕੂਲਾਂ ਵਿੱਚ 38,649 ਡੈਸਕਟਾਪ ਕੰਪਿਊਟਰ ਵੰਡੇ ਜਾ ਰਹੇ ਹਨ। ਇਹ ਹਰੇਕ ਸੀਨੀਅਰ ਸੈਕੰਡਰੀ ਅਤੇ ਸੈਕੰਡਰੀ ਸਕੂਲ ਵਿੱਚ ਕੰਪਿਊਟਰ ਲੈਬ ਹੋਣਾ ਯਕੀਨੀ ਬਣਾਏਗਾ। ਇਸ ਤੋਂ ਇਲਾਵਾ, 3,694 ਸਕੂਲਾਂ ਵਿੱਚ 8,268 ਇੰਟਰਐਕਟਿਵ ਫਲੈਟ ਪੈਨਲ ਲਗਾਏ ਜਾ ਰਹੇ ਹਨ। ਇਹ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਡਿਜੀਟਲ ਬੁਨਿਆਦੀ ਢਾਂਚੇ ਦੇ ਅੱਪਗ੍ਰੇਡੇਸ਼ਨਾਂ ਵਿੱਚੋਂ ਇੱਕ ਹੈ। ਅਸੀਂ ਨਿਰਣਾਇਕ ਰੂਪ ਵਿੱਚ ਡਿਜੀਟਲ ਪਾੜੇ ਨੂੰ ਖਤਮ ਕਰ ਰਹੇ ਹਾਂ ਅਤੇ ਇਹ ਯਕੀਨੀ ਬਣਾ ਰਹੇ ਹਾਂ ਕਿ ਸਰਕਾਰੀ ਸਕੂਲ ਦੇ ਹਰ ਬੱਚੇ ਦੀ ਆਧੁਨਿਕ 21ਵੀਂ ਸਦੀ ਦੇ ਸਿਖਲਾਈ ਸਾਧਨਾਂ ਤੱਕ ਪਹੁੰਚ ਹੋਵੇ। ਕੁਝ ਲੋਕ ਸਿਰਫ਼ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਗੱਲ ਕਰਦੇ ਹਨ, ਪਰ ਅਸੀਂ ਆਪਣੇ ਵਿਦਿਆਰਥੀਆਂ ਤੱਕ ਤਕਨਾਲੋਜੀ ਪਹੁੰਚਾਉਣ ਵਾਸਤੇ ਨਿਵੇਸ਼ ਕਰਦੇ ਹਾਂ।

23. ਮਾਣਯੋਗ ਸਪੀਕਰ ਸਾਹਿਬ, ਸਿੱਖਣ ਦੇ ਨਤੀਜਿਆਂ ਵਿੱਚ ਰਾਸ਼ਟਰੀ ਲੀਡਰਸ਼ਿਪ ਤੋਂ ਲੈ ਕੇ ਵਿਸ਼ਵ ਬੈਂਕ ਨਾਲ ਵਿਸ਼ਵੀ ਸਹਿਯੋਗ ਤੱਕ, ਸਨਮਾਨ-ਅਧਾਰਿਤ ਬੁਨਿਆਦੀ ਢਾਂਚੇ ਤੋਂ ਲੈ ਕੇ ਡਿਜੀਟਲ ਸਸ਼ਕਤੀਕਰਨ ਤੱਕ, ਸਕੂਲ ਆਫ਼ ਐਮੀਨੈਂਸ ਤੋਂ ਲੈ ਕੇ ਢਾਂਚਾਗਤ ਕੈਰੀਅਰ ਮਾਰਗਾਂ ਤੱਕ, ਪੰਜਾਬ ਇੱਕ ਸਧਾਰਨ ਬਦਲਾਅ ਨਹੀਂ, ਸਗੋਂ ਪੂਰਨ ਸਿੱਖਿਆ ਤਬਦੀਲੀ ਦਾ ਗਵਾਹ ਬਣ ਰਿਹਾ ਹੈ। ਪੰਜਾਬ ਦੀ ਅਸਲ ਅਮੀਰੀ ਇਮਾਰਤਾਂ ਜਾਂ ਸੜਕਾਂ ਵਿੱਚ ਨਹੀਂ ਸਗੋਂ ਇਸ ਦੇ ਕਲਾਸਰੂਮਾਂ ਅਤੇ ਬੱਚਿਆਂ ਦੇ ਸੁਪਨਿਆਂ ਵਿੱਚ ਹੈ। ਅਸੀਂ ਉਸ ਭਵਿੱਖ ਦੀ ਉਸਾਰੀ ਇੱਟ-ਇੱਟ ਜੋੜ ਕੇ, ਹਰ ਇੱਕ ਕਲਾਸਰੂਮ ਅਤੇ ਹਰ ਇੱਕ ਬੱਚੇ ਦੇ ਰਾਹੀਂ ਕਰ ਰਹੇ ਹਾਂ।

## ਉਚੇਰੀ ਸਿੱਖਿਆ

24. ਮਾਣਯੋਗ ਸਪੀਕਰ ਸਾਹਿਬ, ਗਿਆਨ-ਅਧਾਰਿਤ ਅਤੇ ਹੁਨਰਮੰਦ ਪੰਜਾਬ ਦੇ ਨਿਰਮਾਣ ਲਈ ਉਚੇਰੀ ਸਿੱਖਿਆ ਨੂੰ ਮਜ਼ਬੂਤ ਕਰਨਾ ਜ਼ਰੂਰੀ ਬਣਿਆ ਹੋਇਆ ਹੈ। ਮੌਜੂਦਾ ਸਾਲ ਦੌਰਾਨ, ਸਰਕਾਰੀ ਕਾਲਜਾਂ ਵਿੱਚ ਅਕਾਦਮਿਕ ਅਤੇ ਵਿਦਿਆਰਥੀ ਸਹੂਲਤਾਂ ਵਿੱਚ ਸੁਧਾਰ ਲਈ ਬੁਨਿਆਦੀ ਢਾਂਚੇ ਦੇ ਅੱਪਗ੍ਰੇਡੇਸ਼ਨ, ਮੁਰੰਮਤ ਅਤੇ ਨਵੀਨੀਕਰਨ ਦੇ ਕਾਰਜ ਕੀਤੇ ਗਏ ਹਨ।

25. ਮੈਨੂੰ ਇਸ ਅਜ਼ੀਮ ਸਦਨ ਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਸਰਕਾਰ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਨਾਮ 'ਤੇ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਤ ਕਰਨ ਲਈ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ। ਇਸ ਸੰਸਥਾ ਨੂੰ ਮਿਸ਼ਨ-ਮੋਡ ਵਿੱਚ ਸਥਾਪਤ ਕਰਨ ਦਾ ਪ੍ਰਸਤਾਵ ਹੈ ਤਾਂ ਜੋ ਇਸ ਐਲਾਨ ਨੂੰ ਜ਼ਮੀਨੀ ਪੱਧਰ 'ਤੇ ਹਕੀਕਤ ਵਿੱਚ ਬਦਲਿਆ ਜਾ ਸਕੇ।

# ਤਕਨੀਕੀ ਸਿੱਖਿਆ

26. ਸਾਡੀ ਸਰਕਾਰ ਹੁਨਰ ਵਿਕਾਸ ਨੂੰ ਤਰਜੀਹ ਦੇਣਾ ਜਾਰੀ ਰੱਖੇਗੀ, ਇਹ ਮੰਨਦੇ ਹੋਏ ਕਿ ਇੱਕ ਪ੍ਰਤੀਯੋਗੀ ਅਰਥਵਿਵਸਥਾ ਨੂੰ ਸਿਖਿਅਤ ਅਤੇ ਉਦਯੋਗ-ਤਿਆਰ ਕਾਰਜਬਲ ਦੁਆਰਾ ਸਮਰਥਨ ਪ੍ਰਾਪਤ ਹੋਣਾ ਚਾਹੀਦਾ ਹੈ। ਪਿਛਲੇ ਸਾਲ ਦੌਰਾਨ, ਸਰਕਾਰੀ ਆਈ.ਟੀ.ਆਈ. ਵਿੱਚ ਸੀਟਾਂ ਵਿੱਚ 35,000 ਤੋਂ 52,000 ਤੱਕ ਮਹੱਤਵਪੂਰਨ ਵਿਸਥਾਰ ਕੀਤਾ ਗਿਆ, ਜਿਸ ਨਾਲ ਰਾਜ ਭਰ ਦੇ ਹਜ਼ਾਰਾਂ ਨੌਜਵਾਨਾਂ ਲਈ ਕਿੱਤਾਮੁਖੀ ਸਿੱਖਿਆ ਤੱਕ ਪਹੁੰਚ ਵਿਆਪਕ ਹੋਈ।

27. ਇਸ ਤੋਂ ਇਲਾਵਾ, ਪੰਜਾਬ ਦੀਆਂ 11 ਜੇਲਾਂ ਵਿੱਚ ਆਈ.ਟੀ.ਆਈ. ਸੈਂਟਰ ਸ਼ੁਰੂ ਕੀਤੇ ਗਏ ਹਨ, ਤਾਂ ਜੋ ਕੈਦੀਆਂ ਨੂੰ ਹੁਨਰ ਸਿਖਾ ਕੇ ਸਮਾਜ ਵਿੱਚ ਮੁੜ ਵਸਾਇਆ ਜਾ ਸਕੇ। ਇਹ ਆਪਣੀ ਤਰ੍ਹਾਂ ਦੀ ਪਹਿਲੀ ਕੋਸ਼ਿਸ਼ ਹੈ, ਜੋ ਕੈਦੀਆਂ ਨੂੰ ਕਿੱਤਾ-ਮੁਖੀ ਸਰਟੀਫਿਕੇਟ ਵਾਲੇ ਕੋਰਸ ਕਰਵਾ ਕੇ ਇੱਜ਼ਤ ਨਾਲ ਜ਼ਿੰਦਗੀ ਜਿਉਣ ਦਾ ਮੌਕਾ ਦਿੰਦੀ ਹੈ। ਪੀ-ਐੱਮ ਸੇਤੂ ਸਕੀਮ ਦੇ ਤਹਿਤ ਹੱਬ-ਐਂਡ-ਸਪੋਕ ਮਾਡਲ ਰਾਹੀਂ ਚੋਣਵੀਆਂ ਆਈ.ਟੀ.ਆਈਜ਼ ਨੂੰ ਸ਼ਾਨਦਾਰ ਸੈਂਟਰਾਂ ਵਿੱਚ ਬਦਲਿਆ ਜਾ ਰਿਹਾ ਹੈ। ਆਈ.ਆਈ.ਟੀ ਰੋਪੜ ਵਰਗੀਆਂ ਸੰਸਥਾਵਾਂ ਨਾਲ ਇਨੋਵੇਸ਼ਨ ਲੈਬ ਅਤੇ ਉਦਯੋਗਿਕ ਭਾਈਵਾਲੀ ਦੁਆਰਾ ਨਵੀਆਂ ਲੈਬਾਂ ਰਾਹੀਂ ਬੱਚਿਆਂ ਨੂੰ ਏ.ਆਈ., ਇੰਟਰਨੈਟ ਆਫ਼ ਥਿੰਗਜ਼ ਅਤੇ ਸਾਈਬਰ-ਫਿਜ਼ੀਕਲ ਸਿਸਟਮ ਵਰਗੀਆਂ ਨਵੀਆਂ ਤਕਨਾਲੋਜੀਆਂ ਸਿਖਾਈਆਂ ਜਾ ਰਹੀਆਂ ਹਨ, ਤਾਂ ਜੋ ਉਹ ਆਉਣ ਵਾਲੇ ਸਮੇਂ ਲਈ ਤਿਆਰ ਹੋ ਸਕਣ। ਮੈਂ ਵਿੱਤੀ ਸਾਲ 2026-27 ਵਿੱਚ ਤਕਨੀਕੀ ਸਿੱਖਿਆ ਦੇ ਤਹਿਤ ਪਹਿਲਕਦਮੀਆਂ ਲਈ 569 ਕਰੋੜ ਰੁਪਏ ਦੇ ਬਜਟੀ ਅਲਾਟਮੈਂਟ ਦਾ ਪ੍ਰਸਤਾਵ ਰੱਖਦਾ ਹਾਂ।

## ਯੂਨੀਵਰਸਿਟੀਆਂ ਅਤੇ ਕਾਂਸਟੀਚੂਐਂਟ ਕਾਲਜਾਂ ਨੂੰ ਗ੍ਰਾਂਟ-ਇਨ-ਏਡ

28. ਸਾਡੀ ਸਰਕਾਰ ਰਾਜ ਯੂਨੀਵਰਸਿਟੀਆਂ ਜਿਨ੍ਹਾਂ ਵਿੱਚ ਗਡਵਾਸੂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਉਨ੍ਹਾਂ ਦੇ ਸੰਘਟਕ ਕਾਲਜ ਸ਼ਾਮਲ ਹਨ, ਦੀ ਮਜ਼ਬੂਤੀ ਅਤੇ ਵਿਕਾਸ ਨੂੰ ਤਰਜੀਹ ਦਿੰਦੀ ਰਹੇਗੀ। ਇਨ੍ਹਾਂ ਸੰਸਥਾਵਾਂ ਵਿੱਚ ਅਕਾਦਮਿਕ ਉੱਤਮਤਾ, ਖੋਜ ਵਿਕਾਸ ਅਤੇ ਬੁਨਿਆਦੀ ਢਾਂਚੇ ਦੇ ਵਿਸਥਾਰ ਲਈ ਵਿੱਤੀ ਸਾਲ 2026-27 ਵਿੱਚ 1,760 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

## ਸਿਹਤ ਅਤੇ ਪਰਿਵਾਰ ਭਲਾਈ

29. ਮਾਣਯੋਗ ਸਪੀਕਰ ਸਾਹਿਬ, ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਸਾਡੀ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਸਰਵਵਿਆਪੀ ਸਿਹਤ ਬੀਮਾ ਕਵਰੇਜ ਪ੍ਰਦਾਨ ਕਰਕੇ 'ਮੁੱਖ ਮੰਤਰੀ ਸਿਹਤ ਯੋਜਨਾ' ਰਾਹੀਂ ਰਾਜ ਦੇ ਇਤਿਹਾਸ ਵਿੱਚ ਸਭ ਤੋਂ ਵਿਆਪਕ ਸਿਹਤ ਖੇਤਰ ਦੇ ਸੁਧਾਰਾਂ ਨੂੰ ਲਾਗੂ ਕੀਤਾ ਹੈ। ਇਸ ਸਕੀਮ ਅਧੀਨ, ਪੰਜਾਬ ਦਾ ਹਰ ਪਰਿਵਾਰ 900 ਤੋਂ ਵੱਧ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦੇ ਨਕਦ ਰਹਿਤ ਇਲਾਜ ਦਾ ਹੱਕਦਾਰ ਹੈ। ਸਰਲ ਪ੍ਰਕਿਰਿਆਵਾਂ ਅਤੇ 'ਸਿਹਤ ਕਾਰਡ' ਜਾਰੀ ਹੋਣ ਨਾਲ, ਇਲਾਜ ਤੱਕ ਪਹੁੰਚ ਨੂੰ ਸੁਚਾਰੂ ਅਤੇ ਪਾਰਦਰਸ਼ੀ ਬਣਾਇਆ ਗਿਆ ਹੈ। ਵਿੱਤੀ ਸਾਲ 2026-27 ਵਿੱਚ ਇਸ ਲਈ 2000 ਕਰੋੜ ਰੁਪਏ ਦੇ ਬਜਟ ਉਪਬੰਧ ਦੀ ਤਜਵੀਜ਼ ਹੈ; ਇਹ ਸਕੀਮ ਲਗਭਗ 65 ਲੱਖ ਪਰਿਵਾਰਾਂ ਨੂੰ ਲਾਭ ਪਹੁੰਚਾਉਣ ਅਤੇ ਰਾਜ ਭਰ ਦੇ ਘਰਾਂ 'ਤੇ ਗੰਭੀਰ ਡਾਕਟਰੀ ਇਲਾਜ ਦੇ ਵਿੱਤੀ ਬੋਝ ਨੂੰ ਕਾਫ਼ੀ ਹੱਦ ਤੱਕ ਘਟਾਉਣ ਲਈ ਤਿਆਰ ਹੈ।

30. ਮਾਣਯੋਗ ਸਪੀਕਰ ਸਾਹਿਬ, ਬੁਨਿਆਦੀ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਲਈ ਇਸ ਸਰਕਾਰ ਵੱਲੋਂ ਲੋਕਾਂ ਨੂੰ ਪਹੁੰਚਯੋਗ ਅਤੇ ਕਿਫਾਇਤੀ ਸਿਹਤ ਸੇਵਾਵਾਂ ਦੇਣ ਦਾ ਅਹਿਦ ਹੈ। ਪੰਜਾਬ ਭਰ ਵਿੱਚ ਸਿਹਤ ਸੇਵਾਵਾਂ ਲੋਕਾਂ ਕੋਲ ਪਹੁੰਚਾਉਣ ਲਈ 'ਆਮ ਆਦਮੀ ਕਲੀਨਿਕ' ਮਿਸਾਲੀ ਮਾਡਲ ਬਣ ਕੇ ਸਾਹਮਣੇ ਆਏ ਹਨ। ਮੌਜੂਦਾ ਸਮੇਂ 881 ਕਲੀਨਿਕ ਚੱਲ ਰਹੇ ਹਨ, ਜਿਨ੍ਹਾਂ ਵਿੱਚੋਂ 565 ਪਿੰਡਾਂ ਵਿੱਚ ਅਤੇ 316 ਸ਼ਹਿਰਾਂ ਵਿੱਚ ਲੋਕਾਂ ਦੀ ਸੇਵਾ ਕਰ ਰਹੇ ਹਨ। ਇੱਥੇ 107 ਤਰ੍ਹਾਂ ਦੀਆਂ ਜ਼ਰੂਰੀ ਦਵਾਈਆਂ ਅਤੇ 47 ਟੈਸਟ ਬਿਲਕੁਲ ਮੁਫ਼ਤ ਮੁਹੱਈਆ ਕਰਵਾਏ ਜਾਂਦੇ ਹਨ। ਹੁਣ ਤੱਕ ਲਗਭਗ 5 ਕਰੋੜ ਤੋਂ ਵੱਧ ਵਾਰ ਲੋਕ ਇੱਥੇ ਇਲਾਜ ਲਈ ਆ ਚੁੱਕੇ ਹਨ, ਜਿਨ੍ਹਾਂ ਵਿੱਚੋਂ 1.55 ਕਰੋੜ ਖਾਸ ਮਰਜ਼ਾਂ ਦੇ ਮਰੀਜ਼ ਹਨ। ਸਭ ਤੋਂ ਅਹਿਮ ਗੱਲ ਇਹ ਹੈ ਕਿ ਇਨ੍ਹਾਂ ਸਹੂਲਤਾਂ ਦਾ ਲਾਭ ਲੈਣ ਵਾਲਿਆਂ ਵਿੱਚ 55 ਫੀਸਦੀ ਔਰਤਾਂ ਹਨ, ਜਿਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਸਰਕਾਰੀ ਸਿਹਤ ਸੇਵਾਵਾਂ ਹੁਣ ਸਭ ਦੀ ਪਹੁੰਚ ਵਿੱਚ ਹਨ ਅਤੇ ਇਸ ਵਿੱਚ ਲੋਕਾਂ ਦਾ ਵਿਸ਼ਵਾਸ ਵਧਿਆ ਹੈ।

31. ਇਸ ਨੈੱਟਵਰਕ ਨੂੰ ਹੋਰ ਮਜ਼ਬੂਤ ਕਰਨ ਲਈ, ਮੌਜੂਦਾ ਸਾਲ ਦੌਰਾਨ 100 ਵਾਧੂ ਆਮ ਆਦਮੀ ਕਲੀਨਿਕ ਸ਼ੁਰੂ ਕੀਤੇ ਜਾ ਰਹੇ ਹਨ। ਵਿੱਤੀ ਸਾਲ 2026-27 ਵਿੱਚ ਸੂਬੇ ਭਰ ਵਿੱਚ 143 ਹੋਰ ਕਲੀਨਿਕ ਸਥਾਪਤ ਕਰਨ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਸਿਹਤ ਸੇਵਾਵਾਂ ਦੇ ਦਾਇਰੇ ਨੂੰ ਵਧਾਉਣ ਅਤੇ ਬਿਹਤਰ ਬਣਾਉਣ ਲਈ 308 ਸਬਸਿਡਰੀ ਹੈਲਥ ਸੈਂਟਰਾਂ ਨੂੰ ਆਮ ਆਦਮੀ ਕਲੀਨਿਕਾਂ ਵਿੱਚ ਅਪਗ੍ਰੇਡ ਕੀਤਾ ਜਾਵੇਗਾ। ਪੰਜ ਸਾਲਾਂ ਵਿਚ ਭਗਵੰਤ ਮਾਨ ਸਰਕਾਰ ਦੁਆਰਾ ਕੁੱਲ 1,432 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਜਾਣਗੇ। ਇਹ ਕਦਮ ਸੂਬੇ ਭਰ ਵਿੱਚ ਪੰਜਾਬ ਦੇ ਕਮਿਊਨਟੀ-ਬੇਸਡ ਪ੍ਰਾਇਮਰੀ ਹੈਲਥ ਕੇਅਰ ਨੈੱਟਵਰਕ ਨੂੰ ਹੋਰ ਮਜ਼ਬੂਤ ਕਰਨਗੇ। ਮੈਂ ਵਿੱਤੀ ਸਾਲ 2026-27 ਵਿੱਚ ਇਸ ਮੰਤਵ ਲਈ 351 ਕਰੋੜ ਰੁਪਏ ਦੀ ਰਾਸ਼ੀ ਤਜਵੀਜ਼ ਕਰਦਾ ਹਾਂ।

32. ਮਾਣਯੋਗ ਸਪੀਕਰ ਸਾਹਿਬ, 23 ਜ਼ਿਲ੍ਹਾ ਹਸਪਤਾਲਾਂ ਅਤੇ 42 ਸਬ-ਡਿਵੀਜ਼ਨਲ ਹਸਪਤਾਲਾਂ ਵਿੱਚ ਜਨਤਕ ਸਿਹਤ ਢਾਂਚੇ ਨੂੰ ਮਜ਼ਬੂਤ ਕਰਨ ਲਈ ਮਹੱਤਵਪੂਰਨ ਯਤਨ ਕੀਤੇ ਗਏ ਹਨ। ਇਨ੍ਹਾਂ ਵਿੱਚ ਸਫਾਈ, ਸਵੱਛਤਾ, ਮਰੀਜ਼ਾਂ ਦੇ ਆਰਾਮ ਅਤੇ ਸੇਵਾਵਾਂ ਦੀ ਕੁਸ਼ਲਤਾ 'ਤੇ ਕੇਂਦਰਿਤ ਵੱਡੇ ਸੁਧਾਰ ਕੀਤੇ ਗਏ ਹਨ। ਇਸ ਦੇ ਨਾਲ ਹੀ, ਜੱਚਾ-ਬੱਚਾ ਦੀ ਸੰਭਾਲ ਨੂੰ ਬਿਹਤਰ ਬਣਾਉਣ ਲਈ ਸਰਕਾਰੀ ਹਸਪਤਾਲਾਂ ਵਿੱਚ ਵਿਸ਼ੇਸ਼ 'ਜੱਚਾ-ਬੱਚਾ ਸਿਹਤ ਵਿੰਗ' ਸਥਾਪਤ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਕਾਰਜਸ਼ੀਲ ਕੀਤਾ ਜਾ ਰਿਹਾ ਹੈ। ਇਹ ਕਦਮ ਪੂਰੇ ਰਾਜ ਵਿੱਚ ਸੁਰੱਖਿਅਤ ਸਿਹਤ ਸੇਵਾਵਾਂ ਤੱਕ ਪਹੁੰਚ ਨੂੰ ਹੋਰ ਵਧਾਉਣਗੇ।

33. ਮੌਜੂਦਾ ਵਿੱਤੀ ਸਾਲ ਦੌਰਾਨ, ਰਾਜ ਸਰਕਾਰ ਵੱਲੋਂ ਸਰਕਾਰੀ ਹਸਪਤਾਲਾਂ ਵਿੱਚ ਡਾਇਗਨੋਸਟਿਕ, ਐਮਰਜੈਂਸੀ ਅਤੇ ਕ੍ਰਿਟੀਕਲ ਕੇਅਰ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ 300 ਕਰੋੜ ਰੁਪਏ ਦੀ ਲਾਗਤ ਨਾਲ ਉੱਨਤ ਡਾਕਟਰੀ ਉਪਕਰਨਾਂ ਅਤੇ ਮਸ਼ੀਨਰੀ ਦੀ ਵੱਡੇ ਪੱਧਰ 'ਤੇ ਖਰੀਦ ਕੀਤੀ ਜਾ ਰਹੀ ਹੈ। ਇਹ ਅਪਗ੍ਰੇਡੇਸ਼ਨ ਮੁਕੰਮਲ ਹੋਣ ਦੇ ਨੇੜੇ ਹੈ ਅਤੇ ਇਸ ਨਾਲ ਸਿਹਤ ਸੰਭਾਲ ਦੀ ਸਮਰੱਥਾ ਵਿੱਚ ਵੱਡਾ ਵਾਧਾ ਹੋਵੇਗਾ, ਜਿਸ ਨਾਲ ਪੂਰੇ ਪੰਜਾਬ ਦੇ ਨਾਗਰਿਕਾਂ ਲਈ ਸਮੇਂ ਸਿਰ, ਕਿਫਾਇਤੀ ਅਤੇ ਮਿਆਰੀ ਇਲਾਜ ਨੂੰ ਯਕੀਨੀ ਬਣਾਇਆ ਜਾਵੇਗਾ।

34. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ 'ਤੇ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਰਪਿਤ ਜੱਚਾ-ਬੱਚਾ ਸੰਭਾਲ ਹਸਪਤਾਲ ਦੇ ਨਾਲ ਆਧੁਨਿਕ ਟਰਾਮਾ ਸੈਂਟਰ ਸਥਾਪਤ ਕਰਨ ਦੀ ਤਜਵੀਜ਼ ਕੀਤੀ ਗਈ ਹੈ। ਇਹ ਅਤਿ-ਆਧੁਨਿਕ ਸਹੂਲਤ ਐਮਰਜੈਂਸੀ ਅਤੇ ਮਹੱਤਵਪੂਰਨ ਦੇਖਭਾਲ ਸੇਵਾਵਾਂ ਨੂੰ ਮਜ਼ਬੂਤ ਕਰੇਗੀ, ਜੱਚਾ-ਬੱਚਾ ਸਿਹਤ

ਸੰਭਾਲ ਦੇ ਬੁਨਿਆਦੀ ਢਾਂਚੇ ਵਿੱਚ ਮਹੱਤਵਪੂਰਨ ਵਾਧਾ ਕਰੇਗੀ। ਇਸ ਨਾਲ ਸਥਾਨਕ ਨਿਵਾਸੀਆਂ ਦੇ ਨਾਲ-ਨਾਲ ਇੱਥੇ ਆਉਣ ਵਾਲੇ ਸ਼ਰਧਾਲੂਆਂ ਨੂੰ ਵੀ ਇਸ ਪਵਿੱਤਰ ਨਗਰੀ ਅੰਦਰ ਮਿਆਰੀ ਡਾਕਟਰੀ ਸੇਵਾਵਾਂ ਤੁਰੰਤ ਉਪਲਬਧ ਹੋਣਗੀਆਂ, ਜਿਸ ਨਾਲ ਦੂਰ-ਦੁਰਾਡੇ ਦੇ ਕੇਂਦਰਾਂ ਵਿੱਚ ਰੈਫਰ ਕਰਨ ਦੀ ਲੋੜ ਘੱਟ ਜਾਵੇਗੀ।

35. ਸਾਡੀ ਸਰਕਾਰ ਨੇ ਸਰਕਾਰੀ ਹਸਪਤਾਲਾਂ ਵਿੱਚ ਸਟਾਫ਼ ਦੀ ਕਮੀ ਨੂੰ ਪੂਰਾ ਕਰਨ ਲਈ ਪੰਜਾਬ ਦੀ ਜਨਤਕ ਸਿਹਤ ਪ੍ਰਣਾਲੀ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਭਰਤੀ ਮੁਹਿੰਮ ਚਲਾਈ ਹੈ। 2022 ਤੋਂ ਹੁਣ ਤੱਕ 934 ਡਾਕਟਰਾਂ ਦੀ ਭਰਤੀ ਕੀਤੀ ਗਈ, ਜਿਸ ਨਾਲ ਦੂਰ-ਦੁਰਾਡੇ ਦੇ ਇਲਾਕਿਆਂ ਸਮੇਤ ਸਾਰੇ ਜ਼ਿਲ੍ਹਿਆਂ ਵਿੱਚ ਡਾਕਟਰਾਂ ਦੀ ਉਪਲੱਬਧਤਾ ਵਿੱਚ ਕਾਫੀ ਸੁਧਾਰ ਹੋਇਆ ਹੈ। ਵਿਸ਼ੇਸ਼ ਦੇਖਭਾਲ ਨੂੰ ਹੋਰ ਬਿਹਤਰ ਬਣਾਉਣ ਲਈ ਲਗਭਗ 400 ਸਪੈਸ਼ਲਿਸਟ ਡਾਕਟਰ ਹੋਰ ਭਰਤੀ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ, ਤਕਰੀਬਨ 400 ਨਰਸਿੰਗ ਸਟਾਫ਼ ਦੀ ਭਰਤੀ ਕੀਤੀ ਗਈ ਹੈ ਅਤੇ 500 ਹੋਰ ਭਰਤੀਆਂ ਪ੍ਰਕਿਰਿਆ ਅਧੀਨ ਹਨ। ਇਹ ਕਦਮ ਜਨਤਕ ਸਿਹਤ ਸੰਸਥਾਵਾਂ ਵਿੱਚ ਮਰੀਜ਼ਾਂ ਦੀ ਦੇਖਭਾਲ ਅਤੇ ਮੁੱਢਲੀਆਂ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣਗੇ। ਇਸ ਦੇ ਨਾਲ ਹੀ ਸਰਕਾਰ ਨੇ ਸੈਕੰਡਰੀ ਹਸਪਤਾਲਾਂ ਵਿੱਚ ਚੌਵੀ ਘੰਟੇ ਸਿਹਤ ਸੇਵਾਵਾਂ ਯਕੀਨੀ ਬਣਾਉਣ ਲਈ ਡਿਊਟੀ ਦੇ ਸਮੇਂ ਤੋਂ ਬਾਅਦ ਐਮਰਜੈਂਸੀ ਸੇਵਾਵਾਂ ਦੇਣ ਵਾਲੇ ਮਾਹਿਰ ਡਾਕਟਰਾਂ ਲਈ 'ਆਨ-ਕਾਲ ਇੰਸੈਂਟਿਵ' ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।

36. ਮੈਂ ਵਿੱਤੀ ਸਾਲ 2026-27 ਵਿੱਚ ਸਿਹਤ ਖੇਤਰ ਲਈ 6,879 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਰੱਖਦਾ ਹਾਂ। ਇਹ ਫੈਸਲਾ ਸਾਡੇ ਜਨਤਕ ਸਿਹਤ ਢਾਂਚੇ ਨੂੰ ਮਜ਼ਬੂਤ ਕਰਨ, ਸਾਰਿਆਂ

ਲਈ ਸਿਹਤ ਸੇਵਾਵਾਂ ਦਾ ਦਾਇਰਾ ਵਧਾਉਣ ਅਤੇ ਪੰਜਾਬ ਦੇ ਹਰ ਨਾਗਰਿਕ ਲਈ ਪਹੁੰਚਯੋਗ, ਸਸਤੀਆਂ ਅਤੇ ਮਿਆਰੀ ਡਾਕਟਰੀ ਸੇਵਾਵਾਂ ਯਕੀਨੀ ਬਣਾਉਣ ਦੇ ਸਾਡੇ ਦ੍ਰਿੜ ਇਰਾਦੇ ਨੂੰ ਦਰਸਾਉਂਦਾ ਹੈ।

## ਮੈਡੀਕਲ ਸਿੱਖਿਆ ਅਤੇ ਖੋਜ

37. ਸਰਕਾਰ ਵੱਲੋਂ ਸਮੁੱਚੇ ਰਾਜ ਵਿੱਚ ਮੈਡੀਕਲ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਜਾਰੀ ਹੈ। ਪਟਿਆਲਾ ਅਤੇ ਅੰਮ੍ਰਿਤਸਰ ਦੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ, ਟਰਾਮਾ ਸੈਂਟਰਾਂ, ਹੋਸਟਲਾਂ ਅਤੇ ਰਿਹਾਇਸ਼ੀ ਸਹੂਲਤਾਂ 'ਤੇ ਕੰਮ ਚੱਲ ਰਿਹਾ ਹੈ, ਜਿਸ ਲਈ ਵਿੱਤੀ ਸਾਲ 2026-27 ਵਿੱਚ ਢੁਕਵੀਂ ਬਜਟ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਮੈਨੂੰ ਇਸ ਮਾਣਯੋਗ ਸਦਨ ਨੂੰ ਇਹ ਦੱਸਦਿਆਂ ਬਹੁਤ ਖੁਸ਼ੀ ਹੋ ਰਹੀ ਹੈ ਕਿ ਨਵੰਬਰ 2025 ਵਿੱਚ 'ਪੰਜਾਬ ਇੰਸਟੀਚਿਊਟ ਆਫ਼ ਲਿਵਰ ਐਂਡ ਬਿਲੀਅਰੀ ਸਾਇੰਸਿਜ਼', ਮੋਹਾਲੀ ਵਿਖੇ ਪਹਿਲਾ ਸਫਲਤਾਪੂਰਵਕ ਲਿਵਰ ਟ੍ਰਾਂਸਪਲਾਂਟ ਕੀਤਾ ਗਿਆ। ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਲਿਵਰ ਟ੍ਰਾਂਸਪਲਾਂਟ ਦਾ ਖਰਚਾ ਸਿਰਫ 10 ਲੱਖ ਰੁਪਏ ਆਇਆ ਹੈ। ਸੂਬੇ ਵਿੱਚ ਟਰਸ਼ਰੀ ਕੇਅਰ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਇਸ ਸੰਸਥਾ ਦਾ ਵਿਸਤਾਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਡਾਇਗਨੋਸਟਿਕ ਬਲਾਕ ਦਾ ਕੰਮ ਮੁਕੰਮਲ ਹੋ ਗਿਆ ਹੈ ਅਤੇ 175 ਬਿਸਤਰਿਆਂ ਵਾਲਾ ਹਸਪਤਾਲ ਤਿਆਰ ਕੀਤਾ ਜਾ ਰਿਹਾ ਹੈ।

38. ਮਾਣਯੋਗ ਸਪੀਕਰ ਸਾਹਿਬ, ਪੰਜਾਬ ਤੇਜ਼ੀ ਨਾਲ ਉੱਤਰੀ ਭਾਰਤ ਵਿੱਚ ਮੈਡੀਕਲ ਸਿੱਖਿਆ ਦੇ ਇੱਕ ਪ੍ਰਮੁੱਖ ਕੇਂਦਰ ਵਜੋਂ ਉੱਭਰ ਰਿਹਾ ਹੈ, ਕਿਉਂਜੋ ਅਸੀਂ ਸਿਹਤ ਸੰਭਾਲ ਕ੍ਰਾਂਤੀ ਪ੍ਰਤੀ ਆਪਣੀ

ਵਚਨਬੱਧਤਾ ਨੂੰ ਪੂਰਾ ਕਰ ਰਹੇ ਹਾਂ। ਸਾਡੀ ਸਰਕਾਰ ਨੇ ਹੁਸ਼ਿਆਰਪੁਰ, ਕਪੂਰਥਲਾ, ਸੰਗਰੂਰ, ਐਸ.ਬੀ.ਐਸ. ਨਗਰ, ਲਹਿਰਾਗਾਗਾ, ਮਲੇਰਕੋਟਲਾ ਅਤੇ ਲੁਧਿਆਣਾ ਵਿੱਚ ਸੱਤ ਨਵੇਂ ਮੈਡੀਕਲ ਕਾਲਜ ਸਥਾਪਤ ਕਰਨ ਲਈ ਨਿਰਣਾਇਕ ਕਦਮ ਚੁੱਕੇ ਹਨ, ਜਿਸ ਨਾਲ ਸਾਡੇ ਰਾਜ ਦੀ ਸਮਰੱਥਾ ਵਿੱਚ ਐਮ.ਬੀ.ਬੀ.ਐਸ. ਦੀਆਂ 600 ਨਵੀਆਂ ਸੀਟਾਂ ਦਾ ਵਾਧਾ ਹੋਵੇਗਾ। ਇਹ ਸੋਚ ਵਿੱਤੀ ਜ਼ਿੰਮੇਵਾਰੀ ਅਤੇ ਬੁਨਿਆਦੀ ਢਾਂਚੇ ਦੀ ਸਰਵਉੱਚਤਾ ਦਰਸਾਉਂਦੀ ਹੈ। ਉਦਾਹਰਣ ਵਜੋਂ, ਅਸੀਂ ਹੁਸ਼ਿਆਰਪੁਰ ਮੈਡੀਕਲ ਕਾਲਜ ਦੀ ਪ੍ਰੋਜੈਕਟ ਲਾਗਤ ਨੂੰ 550 ਕਰੋੜ ਰੁਪਏ ਤੋਂ ਘਟਾ ਕੇ 275 ਕਰੋੜ ਰੁਪਏ ਕਰ ਦਿੱਤਾ ਹੈ ਜਿਸ ਨਾਲ ਵਿਸ਼ਵ ਪੱਧਰੀ ਮਿਆਰਾਂ ਨੂੰ ਬਰਕਰਾਰ ਰੱਖਦੇ ਹੋਏ ਜਨਤਕ ਪੈਸੇ ਦੇ ਲਗਭਗ 250 ਕਰੋੜ ਰੁਪਏ ਦੀ ਬਚਤ ਹੋਈ ਹੈ। ਇਹ ਰਣਨੀਤਕ ਵਿਸਤਾਰ ਇਹ ਯਕੀਨੀ ਬਣਾਉਂਦਾ ਹੈ ਕਿ ਸਾਡੇ ਹੋਣਹਾਰ ਵਿਦਿਆਰਥੀਆਂ ਨੂੰ ਹੁਣ ਆਪਣੀ ਪੜ੍ਹਾਈ ਲਈ ਯੂਕਰੇਨ ਜਾਂ ਚੀਨ ਵਰਗੇ ਦੇਸ਼ਾਂ ਵੱਲ ਦੇਖਣ ਦੀ ਲੋੜ ਨਹੀਂ ਪਵੇਗੀ; ਇਸ ਦੀ ਬਜਾਏ, ਉਹਨਾਂ ਨੂੰ ਇੱਥੇ ਪੰਜਾਬ ਵਿੱਚ ਹੀ ਵਿਸ਼ਵ ਪੱਧਰੀ ਸਿਖਲਾਈ ਅਤੇ ਇੱਕ ਸੁਨਹਿਰੀ ਭਵਿੱਖ ਮਿਲੇਗਾ।

39. ਮੈਨੂੰ ਇਸ ਅਜ਼ੀਮ ਸਦਨ ਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਰਾਜ ਵਿੱਚ ਮੈਡੀਕਲ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ, ਸਰਕਾਰ ਨੇ ਇੱਕ ਨਵਾਂ ਮੈਡੀਕਲ ਕਾਲਜ ਸਥਾਪਿਤ ਕਰਨ ਲਈ ਮਲੇਰਕੋਟਲਾ ਵਿਖੇ 49 ਕਰੋੜ ਰੁਪਏ ਦੀ ਲਾਗਤ ਨਾਲ 38.50 ਏਕੜ ਜ਼ਮੀਨ ਖਰੀਦੀ ਹੈ।

40. ਇਸ ਦੇ ਨਾਲ ਹੀ ਮੈਡੀਕਲ ਸਿੱਖਿਆ ਵਿੱਚ ਸਮਰੱਥਾ ਦਾ ਵਿਸਥਾਰ ਨਵੇਂ ਸਰਕਾਰੀ ਮੈਡੀਕਲ ਕਾਲਜਾਂ ਦੀ ਸਥਾਪਨਾ ਅਤੇ ਚੁਣੇ ਗਏ ਜ਼ਿਲ੍ਹਿਆਂ ਵਿੱਚ ਪੜਾਅਵਾਰ ਬੁਨਿਆਦੀ ਢਾਂਚੇ ਦੇ

ਵਿਕਾਸ ਰਾਹੀਂ ਇਸ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਇਹ ਪਹਿਲਕਦਮੀਆਂ ਐਮ.ਬੀ.ਬੀ.ਐਸ ਸੀਟਾਂ ਵਿੱਚ ਮਹੱਤਵਪੂਰਨ ਵਾਧਾ ਕਰਨਗੀਆਂ, ਆਧੁਨਿਕ ਸਿੱਖਿਆ ਹਸਪਤਾਲਾਂ ਦਾ ਨਿਰਮਾਣ ਕਰਨਗੀਆਂ, ਅਤੇ ਇਹ ਯਕੀਨੀ ਬਣਾਉਣਗੀਆਂ ਕਿ ਉੱਨਤ ਮੈਡੀਕਲ ਸਿੱਖਿਆ ਅਤੇ ਵਿਸ਼ੇਸ਼ ਸਿਹਤ ਸੰਭਾਲ ਸਹੂਲਤਾਂ ਰਾਜ ਦੇ ਸਾਰੇ ਇਲਾਕਿਆਂ ਵਿਚ ਪਹੁੰਚਯੋਗ ਹੋਣ। ਵਿੱਤੀ ਸਾਲ 2026-27 ਲਈ ਮੈਡੀਕਲ ਸਿੱਖਿਆ ਅਤੇ ਖੋਜ ਖੇਤਰ ਲਈ 1,220 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

## ਖੇਤੀਬਾੜੀ ਅਤੇ ਕਿਸਾਨ ਭਲਾਈ

41. ਸਪੀਕਰ ਸਾਹਿਬ, ਭਾਵੇਂ ਪੰਜਾਬ ਕੋਲ ਦੇਸ਼ ਦੇ ਕੁੱਲ ਖੇਤੀਬਾੜੀ ਖੇਤਰ ਦਾ ਲਗਭਗ 3 ਪ੍ਰਤੀਸ਼ਤ ਹੈ ਪਰ ਇਹ ਲਗਭਗ 40 ਪ੍ਰਤੀਸ਼ਤ ਕਣਕ ਅਤੇ 31 ਪ੍ਰਤੀਸ਼ਤ ਚੌਲਾਂ ਦਾ ਯੋਗਦਾਨ ਪਾ ਰਿਹਾ ਹੈ। ਦੇਸ਼ ਦੇ ਸਭ ਤੋਂ ਮਜ਼ਬੂਤ ਖੇਤੀਬਾੜੀ ਮੰਡੀਕਰਨ ਨੈਟਵਰਕਾਂ ਵਿੱਚੋਂ ਇੱਕ ਦੇ ਸਮਰਥਨ ਨਾਲ ਪੰਜਾਬ ਆਪਣੀ ਖੇਤੀਬਾੜੀ ਆਰਥਿਕਤਾ ਨੂੰ ਕਾਇਮ ਰੱਖ ਕੇ ਰਾਸ਼ਟਰੀ ਭੋਜਨ ਸਥਿਰਤਾ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।

42. ਕਿਸਾਨੀ ਦੇ ਮਹੱਤਵਪੂਰਨ ਯੋਗਦਾਨ ਨੂੰ ਬਚਾਉਣ ਤੇ ਮੁੜ ਉਭਾਰ ਅਤੇ ਪ੍ਰਫ਼ੁੱਲਤਾ ਲਈ ਹੱਲਾਸ਼ੇਰੀ ਦੇ ਰੂਪ ਵਿਚ, ਵਿੱਤੀ ਸਾਲ 2026-27 ਵਿੱਚ ਖੇਤੀਬਾੜੀ ਅਤੇ ਸੰਬੰਧਿਤ ਖੇਤਰਾਂ ਲਈ 15,377 ਕਰੋੜ ਰੁਪਏ ਦੀ ਰਕਮ ਰਾਖਵੀਂ ਕੀਤੀ ਗਈ ਹੈ। ਇਹ ਰਕਮ ਫਸਲ ਵਿਭਿੰਨਤਾ, ਸਥਿਰਤਾ, ਮੰਡੀ ਸੁਧਾਰਾਂ ਅਤੇ ਕਿਸਾਨ ਭਲਾਈ ਸਬੰਧੀ ਟੀਚਾਬੱਧ ਕਦਮਾਂ ਨੂੰ ਸਹਿਯੋਗ ਦੇਵੇਗੀ।

43. ਸਾਲ 2025-26 ਦੌਰਾਨ, ਨਰਮਾ ਉਤਪਾਦਕਾਂ ਦੀ ਸਹਾਇਤਾ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਪ੍ਰਮਾਣਿਤ ਬੀ.ਟੀ. ਕਾਟਨ ਦੇ ਹਾਈਬ੍ਰਿਡ ਬੀਜਾਂ ‘ਤੇ 33 ਫੀਸਦੀ ਸਬਸਿਡੀ ਪ੍ਰਦਾਨ ਕੀਤੀ ਗਈ। ਇਸ ਯੋਜਨਾ ਅਧੀਨ 11 ਕਰੋੜ ਰੁਪਏ ਦੀ ਰਕਮ ਡਾਇਰੈਕਟ ਟ੍ਰਾਂਸਫ਼ਰ ਰਾਹੀਂ 52,000 ਤੋਂ ਵੱਧ ਕਿਸਾਨਾਂ ਨੂੰ ਲਾਭ ਪ੍ਰਦਾਨ ਕੀਤਾ ਗਿਆ। ਜਿਸ ਦੇ ਨਤੀਜੇ ਵਜੋਂ ਮੌਜੂਦਾ ਸੀਜ਼ਨ ਵਿੱਚ ਨਰਮੇ ਦੇ ਰਕਬੇ ਵਿਚ 19 ਫੀਸਦੀ ਵਾਧਾ ਹੋਇਆ ਹੈ।

44. ਪਾਣੀ ਦੀ ਬਚਤ ਕਰਨ ਵਾਲੀਆਂ ਖੇਤੀ ਤਕਨੀਕਾਂ ਨੂੰ ਉਤਸ਼ਾਹਿਤ ਕਰਨ ਲਈ, ਸਿੱਧੀ ਬਿਜਾਈ ਵਾਲੇ ਝੋਨੇ ਨੂੰ ਅਪਣਾਉਣ ਵਾਲੇ ਕਿਸਾਨਾਂ ਨੂੰ 1,500 ਰੁਪਏ ਪ੍ਰਤੀ ਏਕੜ ਦੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਵਿੱਤੀ ਸਾਲ 2025-26 ਦੌਰਾਨ 35 ਕਰੋੜ ਰੁਪਏ ਦੀ ਮਦਦ ਪ੍ਰਦਾਨ ਕੀਤੀ ਗਈ। ਲੇਬਰ ਦੀ ਘਾਟ ਨੂੰ ਪੂਰਾ ਕਰਨ ਅਤੇ ਜ਼ਮੀਨ ਹੇਠਲੇ ਪਾਣੀ ਦੀ ਬਚਤ ਕਰਨ ਵਿੱਚ ਇਸਦੇ ਫਾਇਦਿਆਂ ਨੂੰ ਪਛਾਣਦੇ ਹੋਏ, ਝੋਨੇ ਦੀ ਰਵਾਇਤੀ ਬਿਜਾਈ ਦੇ ਇਸ ਟਿਕਾਊ ਬਦਲ ਨੂੰ ਹੋਰ ਉਤਸ਼ਾਹਿਤ ਕਰਨ ਲਈ ਵਿੱਤੀ ਸਾਲ 2026-27 ਵਿੱਚ 40 ਕਰੋੜ ਰੁਪਏ ਦਾ ਉਪਬੰਧ ਤਜਵੀਜ਼ ਕੀਤਾ ਹੈ।

45. ਟਿਕਾਊ ਫ਼ਸਲੀ ਚੱਕਰਾਂ ਨੂੰ ਉਤਸ਼ਾਹਿਤ ਕਰਨ ਦੇ ਆਪਣੇ ਨਿਰੰਤਰ ਯਤਨਾਂ ਦੇ ਹਿੱਸੇ ਵਜੋਂ, ਛੇ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਬਠਿੰਡਾ, ਸੰਗਰੂਰ, ਜਲੰਧਰ ਅਤੇ ਕਪੂਰਥਲਾ ਵਿੱਚ ਝੋਨੇ ਤੋਂ ਸਾਉਣੀ ਮੱਕੀ ਵੱਲ ਤਬਦੀਲੀ ਲਈ ਪਾਇਲਟ ਪ੍ਰੋਜੈਕਟ ਲਾਗੂ ਕੀਤਾ ਗਿਆ ਹੈ। ਵਿੱਤੀ ਸਾਲ 2026-27 ਵਿੱਚ ਇਸ ਉਦੇਸ਼ ਲਈ 17,500 ਰੁਪਏ ਪ੍ਰਤੀ ਹੈਕਟੇਅਰ ਦੇ ਇਨਸੈਂਟਿਵ ਨਾਲ 15 ਕਰੋੜ ਰੁਪਏ ਅਲਾਟ ਕੀਤੇ ਗਏ ਹਨ।

46. ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਦੀ ਚੁਣੌਤੀ ਨਾਲ ਨਜਿੱਠਣ ਲਈ, ਸਰਕਾਰ ਪੰਚਾਇਤਾਂ ਨੂੰ 80 ਪ੍ਰਤੀਸ਼ਤ ਅਤੇ ਵਿਅਕਤੀਗਤ ਕਿਸਾਨਾਂ ਨੂੰ 50 ਪ੍ਰਤੀਸ਼ਤ ਸਬਸਿਡੀ ਪਰਾਲੀ ਪ੍ਰਬੰਧਨ ਮਸ਼ੀਨਰੀ ਦੀ ਖਰੀਦ ਲਈ ਦੇਣਾ ਜਾਰੀ ਰੱਖੇਗੀ। ਵਿੱਤੀ ਸਾਲ 2025-26 ਦੌਰਾਨ ਅਜਿਹੇ ਉਪਕਰਨਾਂ 'ਤੇ ਸਬਸਿਡੀ ਲਈ 402 ਕਰੋੜ ਰੁਪਏ ਦੀ ਵਰਤੋਂ ਕੀਤੀ ਗਈ ਹੈ ਅਤੇ ਵਿੱਤੀ ਸਾਲ 2026-27 ਵਿੱਚ 600 ਕਰੋੜ ਰੁਪਏ ਦੇ ਬਜਟ ਉਪਬੰਧ ਦੀ ਤਜਵੀਜ਼ ਰੱਖੀ ਗਈ ਹੈ।

## ਕਿਸਾਨਾਂ ਨੂੰ ਮੁਫ਼ਤ ਬਿਜਲੀ

47. ਖੇਤੀ ਭਾਈਚਾਰੇ ਪ੍ਰਤੀ ਆਪਣੀ ਮਜ਼ਬੂਤ ਵਚਨਬੱਧਤਾ ਨੂੰ ਜਾਰੀ ਰੱਖਦੇ ਹੋਏ, ਮੁਫਤ ਅਤੇ ਸਬਸਿਡੀ ਵਾਲੀ ਬਿਜਲੀ ਦੀ ਉਪਲਬਧਤਾ ਲਈ, ਖੇਤੀਬਾੜੀ ਲਈ ਬਿਜਲੀ ਸਬਸਿਡੀ ਹਿੱਤ 7,715 ਕਰੋੜ ਰੁਪਏ ਅਲਾਟ ਕੀਤੇ ਗਏ ਹਨ।

## ਬਾਗਬਾਨੀ

48. ਬਾਗ਼ਬਾਨੀ ਦੇ ਖੇਤਰ ਵਿੱਚ ਵੱਡੀ ਤਬਦੀਲੀ ਲਿਆਉਣ ਲਈ, ਸੂਬਾ ਸਰਕਾਰ JICA ਦੀ ਸਹਾਇਤਾ ਨਾਲ ਅਗਲੇ 10 ਸਾਲਾਂ ਵਿੱਚ 1,300 ਕਰੋੜ ਰੁਪਏ ਦੀ ਲਾਗਤ ਵਾਲਾ ਵਿਸ਼ੇਸ਼ ਪ੍ਰੋਗਰਾਮ ਲਾਗੂ ਕਰੇਗੀ। ਇਸ ਦਾ ਮੁੱਖ ਮਕਸਦ ਪੂਰੇ ਪੰਜਾਬ ਵਿੱਚ ਜਲਵਾਯੂ-ਅਨੁਕੂਲ ਅਤੇ ਵੱਧ ਮੁਨਾਫ਼ੇ ਵਾਲੀ ਬਾਗ਼ਬਾਨੀ ਨੂੰ ਉਤਸ਼ਾਹਿਤ ਕਰਨਾ ਹੈ। ਮੈਨੂੰ ਪੰਜਾਬ ਵਿੱਚ ਇਸ ਪਰਿਵਰਤਨਕਾਰੀ ਪਹਿਲਕਦਮੀ ਦੀ ਸ਼ੁਰੂਆਤ ਦਾ ਐਲਾਨ ਕਰਦਿਆਂ ਬੇਹੱਦ ਮਾਣ ਮਹਿਸੂਸ ਹੋ ਰਿਹਾ ਹੈ ਜੋ ਸਾਲ 2035 ਤੱਕ ਫਲਾਂ, ਸਬਜ਼ੀਆਂ, ਫੁੱਲਾਂ ਅਤੇ ਔਸ਼ਧੀ ਫਸਲਾਂ ਹੇਠ ਰਕਬੇ ਨੂੰ 4.59 ਲੱਖ ਹੈਕਟੇਅਰ

ਤੋਂ ਵਧਾ ਕੇ 17.34 ਲੱਖ ਹੈਕਟੇਅਰ ਕਰਨ ਦਾ ਟੀਚਾ ਰੱਖੇਗੀ। ਇਹ ਲਗਭਗ 300% ਦਾ ਵਾਧਾ ਹੋਵੇਗਾ। ਇਸ ਦੇ ਨਾਲ ਹੀ ਪਾਣੀ ਦੀ ਬਚਤ ਲਈ ਕੁਸ਼ਲ ਸਿੰਚਾਈ, ਕੀਟਾਂ ਦੇ ਕੁਦਰਤੀ ਪ੍ਰਬੰਧਨ ਅਤੇ ਜੈਵਿਕ ਖੇਤੀ ਵਰਗੇ ਟਿਕਾਊ ਅਭਿਆਸਾਂ ਨੂੰ ਪੂਰੀ ਮਜ਼ਬੂਤੀ ਨਾਲ ਲਾਗੂ ਕੀਤਾ ਜਾਵੇਗਾ। ਇਹ ਪ੍ਰੋਜੈਕਟ ਬਾਗ਼ਬਾਨੀ ਦੇ ਖੇਤਰ ਵਿੱਚ ਬਹੁਤ ਲੋੜੀਂਦੀ ਪੂੰਜੀ ਲਿਆਏਗਾ। ਇਸ ਰਾਹੀਂ ਅਸੀਂ ਨਵੀਨਤਮ ਬੀਜਾਂ, ਨਰਸਰੀਆਂ ਅਤੇ ਖੋਜ, ਅਤਿ-ਆਧੁਨਿਕ ਮੰਡੀ ਬੁਨਿਆਦੀ ਢਾਂਚੇ, ਕੋਲਡ ਸਟੋਰੇਜ ਅਤੇ ਪ੍ਰੋਸੈਸਿੰਗ ਯੂਨਿਟਾਂ ਅਤੇ ਕਿਸਾਨ ਸਿਖਲਾਈ ਅਤੇ ਵਿਸਥਾਰ ਵਿੱਚ ਨਿਵੇਸ਼ ਕਰਾਂਗੇ।

49. ਮੇਰੇ ਆਪਣੇ ਹਲਕੇ ਵਿੱਚ ਵੀ, ਅਗਾਂਹਵਧੂ ਕਿਸਾਨਾਂ ਵੱਲੋਂ ਡਰੈਗਨ ਫਰੂਟ ਦੀ ਖੇਤੀ ਬਹੁਤ ਤੇਜ਼ੀ ਨਾਲ ਅਪਣਾਈ ਜਾ ਰਹੀ ਹੈ ਅਤੇ ਹੋਰ ਕਿਸਾਨ ਵੀ ਇਸ ਵੱਧ ਮੁਨਾਫ਼ੇ ਵਾਲੀ ਫ਼ਸਲ ਵੱਲ ਵੱਧ ਰਹੇ ਹਨ। ਸਿਖਲਾਈ ਅਤੇ ਬਿਹਤਰ ਖੇਤੀ ਸੇਵਾਵਾਂ ਰਾਹੀਂ, ਪੰਜਾਬ ਭਰ ਦੇ ਕਿਸਾਨਾਂ ਨੂੰ ਨਵੀਆਂ ਤਕਨੀਕਾਂ ਅਪਣਾਉਣ ਅਤੇ ਪੈਦਾਵਾਰ ਵਧਾਉਣ ਲਈ ਪੂਰੀ ਮਦਦ ਦਿੱਤੀ ਜਾਵੇਗੀ। ਬਾਗ਼ਬਾਨੀ ਵੱਲ ਇਹ ਕਦਮ ਨਾ ਸਿਰਫ਼ ਕਿਸਾਨਾਂ ਦੀ ਆਮਦਨ ਵਧਾਏਗਾ, ਸਗੋਂ ਕੁਦਰਤੀ ਸਰੋਤਾਂ ਦੀ ਬਚਤ ਅਤੇ ਵਾਤਾਵਰਣ ਨੂੰ ਸੰਭਾਲਣ ਵਿੱਚ ਵੀ ਵੱਡਾ ਯੋਗਦਾਨ ਪਾਵੇਗਾ।

## ਪਸ਼ੂ ਪਾਲਣ

50. ਸਹਾਇਕ ਖੇਤਰ ਰਾਜ ਭਰ ਵਿੱਚ ਪੇਂਡੂ ਆਜੀਵਿਕਾ ਅਤੇ ਸਵੈ-ਰੁਜ਼ਗਾਰ ਦੇ ਮੌਕਿਆਂ ਨੂੰ ਮਜ਼ਬੂਤ ਕਰ ਰਹੇ ਹਨ। ਡੇਅਰੀ ਵਿਕਾਸ ਦੇ ਖੇਤਰ ਵਿੱਚ, 2,000 ਤੋਂ ਵੱਧ ਨਵੀਆਂ ਡੇਅਰੀ ਇਕਾਈਆਂ ਸਥਾਪਿਤ ਕੀਤੀਆਂ ਗਈਆਂ ਹਨ ਅਤੇ ਡੇਅਰੀ ਉੱਦਮਤਾ ਪ੍ਰੋਗਰਾਮਾਂ ਤਹਿਤ 6,500 ਤੋਂ ਵੱਧ ਨੌਜਵਾਨਾਂ ਨੂੰ ਸਿਖਲਾਈ ਦਿੱਤੀ ਗਈ ਹੈ, ਜਿਸ ਦੇ ਵਾਧੂ ਟੀਚੇ ਵਿੱਤੀ ਸਾਲ ਦੇ ਅੰਤ ਤੱਕ

ਪੂਰੇ ਕੀਤੇ ਜਾਣਗੇ। ਜ਼ਿਲ੍ਹਿਆਂ ਵਿੱਚ ਦੁੱਧ ਉਤਪਾਦਕ ਅਤੇ ਖਪਤਕਾਰ ਜਾਗਰੂਕਤਾ ਕੈਂਪ ਲਗਾਏ ਗਏ ਹਨ। ਇਸ ਖੇਤਰ ਦੇ ਆਧੁਨਿਕੀਕਰਨ ਲਈ ਡੇਅਰੀ ਇਕਾਈਆਂ ਦੀ ਸਥਾਪਨਾ, ਮਸ਼ੀਨੀਕਰਨ ਅਤੇ ਮਾਡਲ ਕੈਟਲ ਸ਼ੈੱਡ ਬਣਾਉਣ ਲਈ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ।

51. ਡੇਅਰੀ ਖੇਤਰ ਵਿੱਚ ਲਾਹੇਵੰਦ ਭਾਅ ਅਤੇ ਸਥਿਰਤਾ ਯਕੀਨੀ ਬਣਾਉਣ ਲਈ ਵਿੱਤੀ ਸਾਲ 2026-27 ਵਿੱਚ 100 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ ਤਾਂ ਜੋ ਡੇਅਰੀ ਉਤਪਾਦਕਾਂ ਨੂੰ ਦੁੱਧ ਦੀ ਵਾਜਬ ਕੀਮਤ ਮਿਲ ਸਕੇ। ਸਰਕਾਰ ਦੇ ਇਸ ਕਦਮ ਦਾ ਮਕਸਦ ਡੇਅਰੀ ਉਤਪਾਦਕਾਂ ਨੂੰ ਮਾਰਕੀਟ ਦੇ ਉਤਾਰ ਚੜ੍ਹਾਅ ਤੋਂ-ਸੁਰੱਖਿਅਤ ਕਰਨਾ, ਸਹਿਕਾਰੀ ਖਰੀਦ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਅਤੇ ਸੂਬੇ ਦੇ ਛੋਟੇ ਅਤੇ ਹਾਸ਼ੀਆਗਤ ਡੇਅਰੀ ਉਤਪਾਦਕਾਂ ਲਈ ਨਿਯਮਤ ਆਮਦਨ ਨੂੰ ਬਰਕਰਾਰ ਰੱਖਣਾ ਹੈ।

52. ਮੱਛੀ ਪਾਲਣ ਦੇ ਖੇਤਰ ਵਿੱਚ, ਨਿਰੰਤਰ ਯਤਨਾਂ ਸਦਕਾ ਐਕੁਆਕਲਚਰ ਦਾ ਵਿਸਤਾਰ ਹੋਇਆ ਅਤੇ ਕਿਸਾਨਾਂ ਦੀ ਸਮਰੱਥਾ ਦਾ ਨਿਰਮਾਣ ਹੋਇਆ ਹੈ। ਸਰਕਾਰੀ ਫਾਰਮਾਂ ਰਾਹੀਂ 1,500 ਲੱਖ ਤੋਂ ਵੱਧ ਮਿਆਰੀ ਮੱਛੀ ਪੂੰਗ (ਬੀਜ) ਦੀ ਪੈਦਾਵਾਰ ਕੀਤੀ ਗਈ ਹੈ, ਲਗਭਗ 3,000 ਏਕੜ ਨਵਾਂ ਰਕਬਾ ਮੱਛੀ ਪਾਲਣ ਅਧੀਨ ਲਿਆਂਦਾ ਗਿਆ ਹੈ ਅਤੇ ਸਾਲ ਦੌਰਾਨ ਮੱਛੀ ਉਤਪਾਦਨ ਕਾਫ਼ੀ ਵਧਿਆ ਹੈ। ਮੱਛੀ ਪਾਲਣ, ਝੀਂਗਾ ਪਾਲਣ, ਬਾਇਓ-ਫਲੌਕ ਇਕਾਈਆਂ ਅਤੇ ਸਹਾਇਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਸਬਸਿਡੀ ਅਤੇ ਬੈਂਕਾਂ ਨਾਲ ਸਬੰਧਤ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੇ ਨਾਲੋ-ਨਾਲ, ਮੱਛੀ ਪਾਲਕਾਂ ਅਤੇ ਚਾਹਵਾਨ ਉੱਦਮੀਆਂ ਲਈ ਵਿਆਪਕ ਪੱਧਰ 'ਤੇ ਸਿਖਲਾਈ ਪ੍ਰੋਗਰਾਮ ਚਲਾਏ ਗਏ ਹਨ। ਜਲ ਸਰੋਤਾਂ ਦੀ ਸਥਿਰਤਾ ਯਕੀਨੀ ਬਣਾਉਣ ਲਈ

'ਰੀਵਰ ਰੈਂਚਿੰਗ' ਜਿਹੀਆਂ ਪਹਿਲਕਦਮੀਆਂ ਵੀ ਕੀਤੀਆਂ ਗਈਆਂ ਹਨ। ਸਮੂਹਿਕ ਤੌਰ 'ਤੇ, ਇਹ ਉਪਾਅ ਖੇਤੀਬਾੜੀ ਦੇ ਸਹਾਇਕ ਖੇਤਰਾਂ ਵਿੱਚ ਆਮਦਨ ਦੇ ਵਿਭਿੰਨਤਾ, ਰੁਜ਼ਗਾਰ ਉਤਪੱਤੀ ਅਤੇ ਲਚਕਤਾ ਨੂੰ ਮਜ਼ਬੂਤ ਕਰ ਰਹੇ ਹਨ।

## ਸਹਿਕਾਰਤਾ

53. ਸਾਡੀ ਸਰਕਾਰ ਗੰਨਾ ਉਤਪਾਦਕਾਂ ਨੂੰ ਲਗਾਤਾਰ ਅਤੇ ਪੁਰਜ਼ੋਰ ਸਮਰਥਨ ਦੇ ਰਹੀ ਹੈ। ਆਗਾਮੀ ਪਿੜਾਈ ਸੀਜ਼ਨ ਲਈ, ਗੰਨੇ ਦਾ ਰਾਜ ਨਿਰਧਾਰਤ ਮੁੱਲ 416 ਰੁਪਏ ਪ੍ਰਤੀ ਕੁਇੰਟਲ ਤੱਕ ਵਧਾਇਆ ਗਿਆ ਹੈ, ਜੋ ਦੇਸ਼ ਵਿੱਚ ਗੰਨੇ ਦੇ ਵੱਧ ਮੁੱਲਾਂ ਵਿੱਚੋਂ ਇੱਕ ਹੈ। ਮੈਨੂੰ ਇਸ ਅਜ਼ੀਮ ਸਦਨ ਨੂੰ ਇਹ ਦੱਸਦਿਆਂ ਵੀ ਬੜੀ ਖੁਸ਼ੀ ਹੋ ਰਹੀ ਹੈ ਕਿ ਪਿਛਲੇ ਸਾਲਾਂ ਦੇ ਗੰਨੇ ਦੇ ਸਾਰੇ ਬਕਾਏ ਇਸੇ ਮੌਜੂਦਾ ਸਾਲ ਦੌਰਾਨ ਅਦਾ ਕੀਤੇ ਜਾ ਰਹੇ ਹਨ, ਜਿਸ ਨਾਲ ਗੰਨਾ ਉਤਪਾਦਕ ਕਿਸਾਨਾਂ ਨੂੰ ਬਹੁਤ ਵੱਡੀ ਅਤੇ ਲੋੜੀਂਦੀ ਰਾਹਤ ਮਿਲੇਗੀ। ਸਾਡੀ ਸਰਕਾਰ ਗੰਨੇ ਦੇ ਬਕਾਏ ਦੀ ਸਮੇਂ ਸਿਰ ਅਦਾਇਗੀ ਅਤੇ ਖੰਡ ਖੇਤਰ ਦੀ ਸਥਿਰਤਾ ਲਈ ਵਚਨਬੱਧ ਹੈ। ਇਸ ਸਹਾਇਤਾ ਦੀ ਨਿਰੰਤਰਤਾ ਲਈ ਵਿੱਤੀ ਸਾਲ 2026-27 ਵਿੱਚ 270 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

## ਜੰਗਲਾਤ ਅਤੇ ਜੰਗਲੀ ਜੀਵ

54. ਸਰਕਾਰ ਵੱਲੋਂ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਹਰਿਆਲੀ ਨੂੰ ਵਧਾਉਣ ਅਤੇ ਵਾਤਾਵਰਨ ਸੰਤੁਲਨ ਬਣਾਈ ਰੱਖਣ ਲਈ "ਸ੍ਰੀ ਗੁਰੂ ਤੇਗ ਬਹਾਦਰ ਹਰਿਆਵਲ ਸੰਕਲਪ" ਮੁਹਿੰਮ ਸ਼ੁਰੂ ਕੀਤੀ ਗਈ, ਜਿਸ ਤਹਿਤ ਹੁਣ ਤੱਕ 1.11 ਕਰੋੜ ਤੋਂ ਵੱਧ ਬੂਟੇ ਲਗਾਏ ਜਾ ਚੁੱਕੇ ਹਨ। 'ਪੰਜਾਬ ਹਰਿਆਵਲ ਮਿਸ਼ਨ' ਅਧੀਨ ਸ਼ਹਿਰੀ ਅਤੇ ਸਾਂਝੀਆਂ ਹਰਿਆਲੀ ਦੀਆਂ ਥਾਵਾਂ ਨੂੰ ਵਧਾਉਣ ਲਈ

ਨਾਨਕ ਬਗੀਚੀਆਂ, ਪਵਿੱਤਰ ਵਣ ਅਤੇ ਵਾਤਾਵਰਨ ਪਾਰਕ ਵਿਕਸਿਤ ਕੀਤੇ ਜਾ ਰਹੇ ਹਨ। ਵਿੱਤੀ ਸਾਲ 2026-27 ਵਿੱਚ ਪਨਕੈਂਪਾ (PUNCAMPA) ਸਕੀਮ ਤਹਿਤ 4,150 ਹੈਕਟੇਅਰ ਰਕਬੇ ਵਿੱਚ ਬੂਟੇ ਲਗਾਉਣ ਦੀ ਤਜਵੀਜ਼ ਹੈ। ਇਸ ਦੇ ਨਾਲ ਹੀ ਮਨਜ਼ੂਰਸ਼ੁਦਾ ਸਕੀਮਾਂ ਅਧੀਨ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਉਪਰਾਲੇ ਕੀਤੇ ਜਾਣਗੇ। ਇਸ ਦੇ ਲਈ 238 ਕਰੋੜ ਰੁਪਏ ਦੀ ਵੰਡ ਕੀਤੀ ਗਈ ਹੈ।

55. ਇਸ ਦੇ ਨਾਲ ਹੀ ਰਾਜ ਵੱਲੋਂ JICA ਦੀ ਸਹਾਇਤਾ ਨਾਲ 760 ਕਰੋੜ ਰੁਪਏ ਦਾ ਪ੍ਰੋਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਨੂੰ ਅਗਲੇ ਅੱਠ ਸਾਲਾਂ ਵਿੱਚ ਲਾਗੂ ਕੀਤਾ ਜਾਵੇਗਾ। ਇਸਦਾ ਉਦੇਸ਼ ਭਾਈਚਾਰਕ ਭਾਗੀਦਾਰੀ ਰਾਹੀਂ ਜੰਗਲਾਂ ਤੋਂ ਬਾਹਰ ਰੁੱਖ ਲਗਾਉਣਾ, ਜੈਵ-ਵਿਵਿਧਤਾ ਦੀ ਸੰਭਾਲ ਅਤੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਸਹਿਣ ਦੀ ਸਮਰੱਥਾ ਪੈਦਾ ਕਰਨਾ ਹੈ, ਜਿਸ ਨਾਲ ਪੰਜਾਬ ਦੀ ਲੰਬੇ ਸਮੇਂ ਦੀ ਵਾਤਾਵਰਣ ਸਥਿਰਤਾ ਨੂੰ ਮਜ਼ਬੂਤ ਕੀਤਾ ਜਾ ਸਕੇ।

## ਪੇਂਡੂ ਵਿਕਾਸ

56. ਮਾਣਯੋਗ ਸਪੀਕਰ ਸਾਹਿਬ, ਪੇਂਡੂ ਲਿੰਕ ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਸਾਡੀ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ ਕਿਉਂਕਿ ਇਹ ਖੇਤੀਬਾੜੀ, ਵਪਾਰ ਅਤੇ ਪੇਂਡੂ ਸੰਪਰਕ ਨੂੰ ਹੁਲਾਰਾ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਪੰਜਾਬ ਵਿੱਚ 68,000 ਕਿਲੋਮੀਟਰ ਤੋਂ ਵੱਧ ਦਾ ਵਿਸ਼ਾਲ ਪੇਂਡੂ ਲਿੰਕ ਸੜਕਾਂ ਦਾ ਨੈੱਟਵਰਕ ਹੈ। ਇਸ ਸਮੇਂ ਵੱਖ-ਵੱਖ ਯੋਜਨਾਵਾਂ ਅਧੀਨ 40,103 ਕਿਲੋਮੀਟਰ ਖਰਾਬ ਸੜਕਾਂ ਦੀ ਮੁਰੰਮਤ, ਆਧੁਨਿਕੀਕਰਨ ਅਤੇ ਅਪਗ੍ਰੇਡੇਸ਼ਨ ਦਾ ਕੰਮ 12,597 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਕੀਤਾ ਜਾ ਰਿਹਾ ਹੈ, ਜਿਸ ਵਿੱਚ

ਨਾਬਾਰਡ ਸਹਾਇਤਾ ਪ੍ਰਾਪਤ ਪ੍ਰੋਜੈਕਟਾਂ ਅਤੇ ਲਿੰਕ ਸੜਕਾਂ ਦੇ ਆਧੁਨਿਕੀਕਰਨ ਦੀਆਂ ਪਹਿਲਕਦਮੀਆਂ ਵੀ ਸ਼ਾਮਲ ਹਨ। ਬਿਨਾਂ ਸ਼ੱਕ, ਪੰਜਾਬ ਦੇ ਇਤਿਹਾਸ ਵਿੱਚ ਇਹ ਕਿਸੇ ਵੀ ਸਰਕਾਰ ਵੱਲੋਂ ਇੱਕ ਸਾਲ ਦੇ ਅੰਦਰ ਚਲਾਇਆ ਗਿਆ ਸੜਕਾਂ ਦੇ ਅਪਗ੍ਰੇਡੇਸ਼ਨ ਦਾ ਸਭ ਤੋਂ ਵੱਡਾ ਪ੍ਰੋਗਰਾਮ ਹੈ।

57. ਮੌਜੂਦਾ ਸਾਲ ਦੌਰਾਨ 8,325 ਕਿ.ਮੀ. ਲੰਬਾਈ ਵਾਲੀਆਂ ਸੜਕਾਂ ਦੇ ਆਧੁਨਿਕੀਕਰਨ ਦੇ ਕਾਰਜ 2,393 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਕੀਤੇ ਜਾ ਰਹੇ ਹਨ ਤਾਂ ਜੋ ਮੰਡੀਆਂ ਅਤੇ ਪੇਂਡੂ ਬਾਜ਼ਾਰਾਂ ਤੱਕ ਪਹੁੰਚ ਨੂੰ ਬਿਹਤਰ ਬਣਾਇਆ ਜਾ ਸਕੇ। ਮੈਨੂੰ ਇਸ ਮਾਣਯੋਗ ਸਦਨ ਨੂੰ ਇਹ ਜਾਣਕਾਰੀ ਦਿੰਦਿਆਂ ਖੁਸ਼ੀ ਹੋ ਰਹੀ ਹੈ ਕਿ ਰਾਜ ਸਰਕਾਰ ਨੇ ਅਪਗ੍ਰੇਡ ਕੀਤੀਆਂ ਪਿੰਡਾਂ ਦੀਆਂ ਸਾਰੀਆਂ ਸੜਕਾਂ ਲਈ ਪੰਜ ਸਾਲਾ ਰੱਖ-ਰਖਾਅ ਪ੍ਰਬੰਧ ਵੀ ਸ਼ੁਰੂ ਕੀਤਾ ਹੈ, ਜਿਸ ਨਾਲ ਸੜਕਾਂ ਦੀ ਗੁਣਵੱਤਾ ਅਤੇ ਲੰਬੇ ਸਮੇਂ ਤੱਕ ਮਜ਼ਬੂਤੀ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਤੋਂ ਇਲਾਵਾ ਨਾਬਾਰਡ ਦੀ ਸਹਾਇਤਾ ਨਾਲ 2,597 ਕਰੋੜ ਰੁਪਏ ਦੀ ਲਾਗਤ ਨਾਲ 11,901 ਕਿਲੋਮੀਟਰ ਲਿੰਕ ਸੜਕਾਂ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਇਹ ਕੰਮ ਅਕਤੂਬਰ 2026 ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਹੈ।

58. ਇਸ ਗਤੀ ਨੂੰ ਬਰਕਰਾਰ ਰੱਖਦੇ ਹੋਏ ਵਿੱਤੀ ਸਾਲ 2026-27 ਵਿੱਚ ਸਰਕਾਰ ਨੇ ਮੰਡੀ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਰਾਹੀਂ ਬਾਕੀ ਰਹਿੰਦੀਆਂ 19,876 ਕਿਲੋਮੀਟਰ ਪੇਂਡੂ ਸੜਕਾਂ ਦੇ ਕੰਮ ਨੂੰ ਪੂਰਾ ਕਰਨ ਦੀ ਤਜਵੀਜ਼ ਰੱਖੀ ਹੈ। ਇਸ ਪ੍ਰੋਜੈਕਟ 'ਤੇ 7,606 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਆਵੇਗੀ, ਜਿਸ ਵਿੱਚ ਸੜਕਾਂ ਦੇ ਪੰਜ ਸਾਲਾਂ ਦਾ ਰੱਖ-ਰਖਾਅ ਵੀ ਸ਼ਾਮਲ ਹੈ।

ਸੜਕੀ ਨੈੱਟਵਰਕ ਤੋਂ ਇਲਾਵਾ, ਕਿਸਾਨਾਂ ਦੀ ਸਹਾਇਤਾ ਅਤੇ ਖੇਤੀਬਾੜੀ ਉਤਪਾਦਾਂ ਦੀ ਸੁਚੱਜੀ ਵਿਕਰੀ ਲਈ ਮੰਡੀਆਂ ਦੇ ਬੁਨਿਆਦੀ ਢਾਂਚੇ ਵਿੱਚ ਵੀ ਸੁਧਾਰ ਲਿਆਂਦਾ ਜਾ ਰਿਹਾ ਹੈ।

59. ਵਿੱਤੀ ਸਾਲ 2025-26 ਦੌਰਾਨ, 197 ਕਰੋੜ ਰੁਪਏ ਦੀ ਲਾਗਤ ਨਾਲ ਮੰਡੀਆਂ ਵਿੱਚ 664 ਕਵਰਡ ਸ਼ੈੱਡਾਂ ਦੀ ਉਸਾਰੀ ਕੀਤੀ ਜਾ ਰਹੀ ਹੈ, ਜਿਸ ਵਿੱਚੋਂ ਜ਼ਿਆਦਾਤਰ ਕੰਮ ਮੁਕੰਮਲ ਹੋਣ ਦੇ ਨੇੜੇ ਹੈ। ਇਸ ਤੋਂ ਇਲਾਵਾ, ਸਵੱਛ ਊਰਜਾ ਨੂੰ ਉਤਸ਼ਾਹਿਤ ਕਰਨ ਅਤੇ ਕੰਮਕਾਜੀ ਖਰਚਿਆਂ ਨੂੰ ਘਟਾਉਣ ਲਈ 36 ਮੰਡੀਆਂ ਵਿੱਚ 24 ਕਰੋੜ ਰੁਪਏ ਦੀ ਲਾਗਤ ਨਾਲ ਸੋਲਰ ਪੈਨਲ ਲਗਾਏ ਜਾ ਰਹੇ ਹਨ।

60. ਮਾਣਯੋਗ ਸਪੀਕਰ ਸਾਹਿਬ, ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (ਮਨਰੇਗਾ) ਨੇ ਪੇਂਡੂ ਪਰਿਵਾਰਾਂ ਲਈ ਰੋਜ਼ੀ-ਰੋਟੀ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਸਾਡੇ ਪਿੰਡਾਂ ਵਿੱਚ ਸਥਾਈ ਸੰਪਤੀਆਂ ਦੇ ਨਿਰਮਾਣ ਵਿੱਚ ਸਾਰਥਕ ਭੂਮਿਕਾ ਨਿਭਾਈ ਹੈ। ਹਾਲਾਂਕਿ ਰਾਸ਼ਟਰੀ ਪੱਧਰ 'ਤੇ ਕੁਝ ਬਦਲਾਅ ਕੀਤੇ ਗਏ ਹਨ, ਪਰ ਸਾਡਾ ਮੰਨਣਾ ਹੈ ਕਿ ਇਸ ਸਕੀਮ ਨੂੰ ਇਸਦੀ ਅਸਲ ਭਾਵਨਾ ਅਤੇ ਵਿਆਪਕ ਢਾਂਚੇ ਵਿੱਚ ਹੀ ਜਾਰੀ ਰੱਖਣਾ ਚਾਹੀਦਾ ਹੈ, ਤਾਂ ਜੋ ਪੇਂਡੂ ਕਾਮਿਆਂ ਦੇ ਹਿੱਤ ਸੁਰੱਖਿਅਤ ਰਹਿਣ ਅਤੇ ਸਭ ਤੋਂ ਕਮਜ਼ੋਰ ਵਰਗ ਲਈ ਦਿਹਾੜੀ ਦੇ ਰੁਜ਼ਗਾਰ ਦਾ ਸਹਾਰਾ ਕਮਜ਼ੋਰ ਨਾ ਪਵੇ।

61. ਮੌਜੂਦਾ ਸਾਲ ਦੌਰਾਨ, ਇਸ ਸਕੀਮ ਅਧੀਨ ਲਗਭਗ 1,100 ਕਰੋੜ ਰੁਪਏ ਦਾ ਖਰਚਾ ਕੀਤਾ ਗਿਆ ਹੈ, ਜਿਸ ਨਾਲ 223 ਲੱਖ ਦਿਹਾੜੀਆਂ ਦਾ ਰੁਜ਼ਗਾਰ ਪੈਦਾ ਹੋਇਆ ਹੈ। ਵਿੱਤੀ ਸਾਲ 2026-27 ਲਈ, ਇਸ ਸਕੀਮ ਤਹਿਤ ਕੁੱਲ ਪ੍ਰੋਗਰਾਮ ਖਰਚਾ 1,500 ਕਰੋੜ ਰੁਪਏ ਹੋਣ ਦਾ

ਅਨੁਮਾਨ ਹੈ। ਰਾਜ ਸਰਕਾਰ ਇਸ ਸਕੀਮ ਨੂੰ ਇਸਦੀ ਅਸਲ ਭਾਵਨਾ ਅਨੁਸਾਰ ਚੱਲਦਾ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸਦੇ ਅਨੁਸਾਰ, ਸਕੀਮ ਤਹਿਤ ਰਾਜ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਲੋੜੀਂਦੇ ਬਜਟ ਦੀ ਵਿਵਸਥਾ ਕੀਤੀ ਗਈ ਹੈ, ਤਾਂ ਜੋ ਕੰਮਾਂ ਦੀ ਨਿਰੰਤਰਤਾ, ਉਜਰਤਾਂ ਦੀ ਸਮੇਂ ਸਿਰ ਅਦਾਇਗੀ ਅਤੇ ਪੂਰੇ ਪੰਜਾਬ ਵਿੱਚ ਪੇਂਡੂ ਰੋਜ਼ੀ-ਰੋਟੀ ਲਈ ਨਿਰੰਤਰ ਸਹਾਇਤਾ ਨੂੰ ਯਕੀਨੀ ਬਣਾਇਆ ਜਾ ਸਕੇ।

62. 2017 ਤੋਂ ਮਾਰਚ 2022 ਤੱਕ, ਪੰਜਾਬ ਵਿੱਚ ਪੀ.ਐਮ.ਏ.ਵਾਈ. (ਗ੍ਰਾਮੀਣ) ਅਧੀਨ ਲਗਭਗ 39,000 ਘਰ ਪੂਰੇ ਕੀਤੇ ਗਏ ਸਨ ਅਤੇ ਸਾਡੀ ਸਰਕਾਰ ਦੇ ਸੱਤਾ ਸੰਭਾਲਣ ਤੋਂ ਬਾਅਦ ਇਸ ਰਫ਼ਤਾਰ ਵਿੱਚ ਫੈਸਲਾਕੁੰਨ ਤੇਜ਼ੀ ਆਈ। ਇਸ ਸਾਲ ਦੌਰਾਨ ਕੁੱਲ 76,000 ਪਰਿਵਾਰਾਂ ਨੂੰ ਰਿਹਾਇਸ਼ ਸਹਾਇਤਾ ਪ੍ਰਦਾਨ ਕੀਤੀ ਗਈ ਹੈ ਜਿਸ ਵਿੱਚ 30,000 ਹੜ੍ਹ ਪ੍ਰਭਾਵਿਤ ਪਰਿਵਾਰ ਸ਼ਾਮਲ ਹਨ। ਇਸ ਗਤੀ ਦੇ ਆਧਾਰ 'ਤੇ ਸਰਕਾਰ ਵਿੱਤੀ ਸਾਲ 2026-27 ਵਿੱਚ ਪੀ.ਐਮ.ਏ.ਵਾਈ. (ਗ੍ਰਾਮੀਣ) ਅਧੀਨ ਇੱਕ ਲੱਖ ਹੋਰ ਘਰਾਂ ਨੂੰ ਕਵਰ ਕਰਨ ਦਾ ਪ੍ਰਸਤਾਵ ਰੱਖਦੀ ਹੈ, ਜਿਸ ਲਈ 800 ਕਰੋੜ ਰੁਪਏ ਦੀ ਵੰਡ ਕੀਤੀ ਗਈ ਹੈ।

## ਰੰਗਲਾ ਪੰਜਾਬ ਵਿਕਾਸ ਸਕੀਮ

63. ਮਾਣਯੋਗ ਸਪੀਕਰ ਸਾਹਿਬ, ਰਾਜ ਦੇ ਸਾਰੇ ਖੇਤਰਾਂ ਵਿੱਚ ਸੰਤੁਲਿਤ ਅਤੇ ਬਰਾਬਰ ਵਿਕਾਸ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ, ਸਾਡੀ ਸਰਕਾਰ ਨੇ ਵਿੱਤੀ ਸਾਲ 2025-26 ਦੌਰਾਨ 'ਰੰਗਲਾ ਪੰਜਾਬ ਵਿਕਾਸ ਸਕੀਮ' ਸ਼ੁਰੂ ਕੀਤੀ ਹੈ। ਇਸ ਤਹਿਤ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚ ਸਥਾਨਕ ਬੁਨਿਆਦੀ ਢਾਂਚੇ ਅਤੇ ਜਨਤਕ ਸੰਪਤੀਆਂ ਦੀ ਸਿਰਜਣਾ ਅਤੇ

ਨਵੀਨੀਕਰਨ ਲਈ 585 ਕਰੋੜ ਰੁਪਏ ਭਾਵ ਪ੍ਰਤੀ ਵਿਧਾਨ ਸਭਾ ਹਲਕਾ ਸਾਲਾਨਾ 5 ਕਰੋੜ ਰੁਪਏ ਦਾ ਨਿਰਧਾਰਤ ਉਪਬੰਧ ਕੀਤਾ ਗਿਆ ਹੈ। ਇਸ ਸਕੀਮ ਨੂੰ ਮਿਲੇ ਭਰਵੇਂ ਹੁੰਗਾਰੇ ਅਤੇ ਇਸ ਦੇ ਸੁਚਾਰੂ ਲਾਗੂਕਰਨ ਨੂੰ ਅੱਗੇ ਵਧਾਉਂਦਿਆਂ, ਅਸੀਂ ਵਿੱਤੀ ਸਾਲ 2026-27 ਵਿੱਚ ਇਸ ਉਪਰਾਲੇ ਦਾ ਹੋਰ ਵਿਸਥਾਰ ਕਰ ਰਹੇ ਹਾਂ। ਅਸੀਂ ਜ਼ਮੀਨੀ ਪੱਧਰ 'ਤੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ, ਇਸ ਤਹਿਤ ਬਜਟ ਰਾਸ਼ੀ ਨੂੰ 585 ਕਰੋੜ ਰੁਪਏ ਤੋਂ ਦੁੱਗਣਾ ਕਰਕੇ 1170 ਕਰੋੜ ਰੁਪਏ ਕਰਨ ਦਾ ਪ੍ਰਸਤਾਵ ਰੱਖਦੇ ਹਾਂ। ਪੂਰੀ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ, ਰਾਜ ਦੇ ਖਜ਼ਾਨੇ ਤੋਂ ਕਾਰਜਕਾਰੀ ਏਜੰਸੀ ਨੂੰ ਫੰਡਾਂ ਦੀ ਰੀਅਲ-ਟਾਇਮ ਟ੍ਰੈਕਿੰਗ ਲਈ ਇਕ ਸਮਰਪਿਤ ਡਿਜੀਟਲ ਪੋਰਟਲ ਚਾਲੂ ਕੀਤਾ ਗਿਆ ਹੈ। ਜਿਸ ਵਿਚ ਜੀਓ-ਟੈਗਡ ਨਿਗਰਾਨੀ ਅਤੇ ਕਾਰਜਾਂ ਦੇ ਫੋਟੋਗ੍ਰਾਫ਼ਿਕ ਦਸਤਾਵੇਜ਼ ਸ਼ਾਮਲ ਹਨ।

## ਸ਼ਹਿਰੀ ਵਿਕਾਸ

64. ਮਾਣਯੋਗ ਸਪੀਕਰ ਸਾਹਿਬ, ਬੁਨਿਆਦੀ ਢਾਂਚਾ ਸਿਰਫ਼ ਖਰਚਾ ਨਹੀਂ ਹੈ ਸਗੋਂ ਉਹ ਨੀਂਹ ਹੈ ਜਿਸ 'ਤੇ ਕਾਰੋਬਾਰ ਵਧਦੇ ਹਨ, ਪਰਿਵਾਰ ਖੁਸ਼ਹਾਲ ਹੁੰਦੇ ਹਨ ਅਤੇ ਪੰਜਾਬ ਦਾ ਭਵਿੱਖ ਸੁਰੱਖਿਅਤ ਹੁੰਦਾ ਹੈ। ਇਹ ਬਜਟ ਸਿਰਫ਼ ਵਿੱਤੀ ਵੰਡ ਨੂੰ ਹੀ ਨਹੀਂ ਦਰਸਾਉਂਦਾ, ਸਗੋਂ ਸਾਡੇ ਸ਼ਹਿਰਾਂ ਨੂੰ ਅਵਸਰਾਂ, ਮੁਕਾਬਲੇਬਾਜ਼ੀ, ਨਵੀਨਤਾ ਅਤੇ ਸਮਾਜਿਕ ਬਰਾਬਰੀ ਦੇ ਕੇਂਦਰਾਂ ਵਜੋਂ ਉਭਾਰਨ ਲਈ ਸਪਸ਼ਟ ਦ੍ਰਿਸ਼ਟੀਕੋਣ ਵੀ ਪੇਸ਼ ਕਰਦਾ ਹੈ।

65. ਇਸੇ ਭਾਵਨਾ ਦੇ ਤਹਿਤ, ਮੈਨੂੰ ਸਾਡੀਆਂ ਸ਼ਹਿਰੀ ਸਥਾਨਕ ਇਕਾਈਆਂ (Urban Local Bodies) ਲਈ ਸਹਾਇਤਾ ਵਿੱਚ ਮਹੱਤਵਪੂਰਨ ਵਾਧੇ ਦਾ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ।

ਵਿੱਤੀ ਸਾਲ 2025-26 ਵਿੱਚ ਮਿਉਂਸਪਲ ਡਿਵੈਲਪਮੈਂਟ ਫੰਡ (MDF) ਅਧੀਨ 225 ਕਰੋੜ ਰੁਪਏ ਦੀ ਵੰਡ ਦੇ ਮੁਕਾਬਲੇ, ਵਿੱਤੀ ਸਾਲ 2026-27 ਵਿੱਚ ਇਸ ਗ੍ਰਾਂਟ ਨੂੰ ਚਾਰ ਗੁਣਾ ਵਧਾ ਕੇ 1,000 ਕਰੋੜ ਰੁਪਏ ਕੀਤਾ ਜਾ ਰਿਹਾ ਹੈ। ਮਿਉਂਸਪਲ ਡਿਵੈਲਪਮੈਂਟ ਫੰਡ ਦੀ ਇਹ ਰਾਸ਼ੀ ਸਾਰੀਆਂ ਸ਼ਹਿਰੀ ਸਥਾਨਕ ਇਕਾਈਆਂ ਲਈ ਉਪਲਬਧ ਹੋਵੇਗੀ ਤਾਂ ਜੋ ਜ਼ਰੂਰੀ ਨਾਗਰਿਕ ਬੁਨਿਆਦੀ ਢਾਂਚੇ ਜਿਵੇਂ ਕਿ ਸੜਕਾਂ, ਸਟਰੀਟ ਲਾਈਟਾਂ, ਜਲ ਸਪਲਾਈ, ਸੀਵਰੇਜ, ਡਰੇਨੇਜ, ਠੋਸ ਕੂੜਾ ਪ੍ਰਬੰਧਨ, ਸਫਾਈ, ਜਨਤਕ ਸਹੂਲਤਾਂ, ਜਨਤਕ ਸੁਰੱਖਿਆ ਪ੍ਰਣਾਲੀਆਂ ਅਤੇ ਵਾਤਾਵਰਣ ਪੱਖੋਂ ਟਿਕਾਊ ਬੁਨਿਆਦੀ ਢਾਂਚੇ ਦਾ ਨਿਰਮਾਣ ਅਤੇ ਨਵੀਨੀਕਰਨ ਕੀਤਾ ਜਾ ਸਕੇ। ਇਸ ਦੇ ਨਾਲ ਹੀ, ਇਸ ਵੰਡ ਦਾ 20 ਪ੍ਰਤੀਸ਼ਤ ਤੱਕ ਹਿੱਸਾ ਜਲ ਸਪਲਾਈ ਅਤੇ ਸੀਵਰੇਜ ਪ੍ਰੋਜੈਕਟਾਂ ਦੇ ਸੰਚਾਲਨ ਅਤੇ ਰੱਖ-ਰਖਾਅ ਲਈ ਵਰਤਿਆ ਜਾ ਸਕਦਾ ਹੈ। ਇਹ ਨਾ ਸਿਰਫ਼ ਨਵੀਂਆਂ ਸੰਪਤੀਆਂ ਦੇ ਨਿਰਮਾਣ ਨੂੰ ਯਕੀਨੀ ਬਣਾਏਗਾ, ਸਗੋਂ ਸੇਵਾਵਾਂ ਦੀ ਨਿਰੰਤਰ ਸਪਲਾਈ ਨੂੰ ਵੀ ਬਰਕਰਾਰ ਰੱਖੇਗਾ।

66. ਪੰਜਾਬ ਸਰਕਾਰ, ਵਿਸ਼ਵ ਬੈਂਕ ਅਤੇ ਏ.ਆਈ.ਆਈ.ਬੀ ਦੇ ਸਹਿਯੋਗ ਨਾਲ ਚੱਲ ਰਹੇ 'ਪੰਜਾਬ ਮਿਉਂਸਪਲ ਸਰਵਿਸਿਜ਼ ਇੰਪਰੂਵਮੈਂਟ ਪ੍ਰੋਜੈਕਟ' ਤਹਿਤ ਨਹਿਰੀ ਪਾਣੀ ਦੀ ਸਪਲਾਈ ਦੇ ਪ੍ਰੋਜੈਕਟਾਂ ਰਾਹੀਂ ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਅਤੇ ਜਲ ਸੁਰੱਖਿਆ ਯਕੀਨੀ ਬਣਾਉਣ ਲਈ ਵੱਡੇ ਕਾਰਜ ਕੀਤੇ ਜਾ ਰਹੇ ਹਨ। ਸਾਲ 2028 ਤੱਕ ਮੁਕੰਮਲ ਹੋਣ ਵਾਲੇ ਇਸ ਪ੍ਰੋਜੈਕਟ ਵਿੱਚ ਵੱਡੀ ਸਮਰੱਥਾ ਵਾਲੇ ਵਾਟਰ ਟ੍ਰੀਟਮੈਂਟ ਪਲਾਂਟਾਂ, ਪਾਣੀ ਦੀਆਂ ਟੈਂਕੀਆਂ ਅਤੇ ਪਾਈਪਲਾਈਨ ਨੈੱਟਵਰਕ ਦੀ ਉਸਾਰੀ ਸ਼ਾਮਲ ਹੈ। ਸ਼ਹਿਰੀ ਜਲ ਬੁਨਿਆਦੀ ਢਾਂਚੇ ਦੇ ਇਸ ਪਰਿਵਰਤਨਕਾਰੀ ਪ੍ਰੋਗਰਾਮ ਨੂੰ ਜਾਰੀ ਰੱਖਣ ਲਈ ਵਿੱਤੀ ਸਾਲ 2026-27 ਵਾਸਤੇ 500 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਕੀਤੀ ਗਈ ਹੈ।

67. ‘ਅਮਰੁਤ’ (AMRUT) 2.0 ਦੇ ਤਹਿਤ ਪ੍ਰੋਜੈਕਟਾਂ ਨੂੰ ਦੋ ਪੜਾਵਾਂ ਵਿੱਚ ਲਾਗੂ ਕੀਤਾ ਜਾ ਰਿਹਾ ਹੈ, ਜਿਸ ਵਿੱਚ ਨਵੇਂ ਵਾਟਰ ਟ੍ਰੀਟਮੈਂਟ ਪਲਾਂਟਾਂ ਦੀ ਉਸਾਰੀ, ਪਾਣੀ ਸਪਲਾਈ ਨੈੱਟਵਰਕਾਂ ਦੀ ਮਜ਼ਬੂਤੀ ਅਤੇ ਨਵੀਨੀਕਰਨ, ਘਰਾਂ ਦੇ ਨਵੇਂ ਕਨੈਕਸ਼ਨ, ਸੀਵਰੇਜ ਦੇ ਕੰਮ, ਸਾਫ਼ ਕੀਤੇ ਗਏ ਪਾਣੀ ਦੀ ਮੁੜ ਵਰਤੋਂ, ਪਾਰਕਾਂ ਅਤੇ ਹਰਿਆਲੀ ਵਾਲੀਆਂ ਥਾਵਾਂ ਦਾ ਵਿਕਾਸ, ਜਲ ਸਰੋਤਾਂ ਨੂੰ ਮੁੜ-ਸੁਰਜੀਤ ਕਰਨਾ ਸ਼ਾਮਲ ਹੈ। ਕੁੱਲ 214 ਪ੍ਰੋਜੈਕਟ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਜਿਨ੍ਹਾਂ ਦੀ ਅਨੁਮਾਨਿਤ ਲਾਗਤ ਲਗਭਗ 3,504 ਕਰੋੜ ਰੁਪਏ ਹੈ। ਇਹ ਪ੍ਰੋਜੈਕਟ ਲਾਗੂ ਹੋਣ ਦੇ ਵੱਖ-ਵੱਖ ਪੜਾਵਾਂ 'ਤੇ ਹਨ। ਸ਼ਹਿਰੀ ਬੁਨਿਆਦੀ ਢਾਂਚੇ ਦੇ ਸੁਧਾਰਾਂ ਵਿੱਚ ਤੇਜ਼ੀ ਲਿਆਉਣ ਲਈ, ਵਿੱਤੀ ਸਾਲ 2026-27 ਵਿੱਚ 149 ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ 665 ਕਰੋੜ ਰੁਪਏ ਦੇ ਖਰਚੇ ਦੀ ਤਜਵੀਜ਼ ਹੈ।

68. ਇਸਦੇ ਨਾਲ ਹੀ, ਬਿਹਤਰ ਯੋਜਨਾਬੰਦੀ, ਨਿਗਰਾਨੀ ਅਤੇ ਸੇਵਾਵਾਂ ਪ੍ਰਦਾਨ ਕਰਨ ਵਿੱਚ ਸੁਧਾਰ ਲਿਆਉਣ ਲਈ ਰਾਜ ਵੱਲੋਂ ਜੀ.ਆਈ.ਐੱਸ -ਅਧਾਰਿਤ ਸ਼ਹਿਰੀ ਮੈਪਿੰਗ ਵਿੱਚ ਵੱਡੀ ਮਹੱਤਵਪੂਰਨ ਪ੍ਰਾਪਤੀ ਕੀਤੀ ਗਈ ਹੈ। 163 ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਵਾਰਡਾਂ ਅਤੇ ਨਗਰ ਨਿਗਮ ਦੀਆਂ ਹੱਦਾਂ ਦਾ ਡਿਜੀਟਲ ਨਕਸ਼ਾ ਤਿਆਰ ਕਰ ਲਿਆ ਗਿਆ ਹੈ। ਇਸ ਦੇ ਨਾਲ ਹੀ 'ਵਨ ਮੈਪ ਪੰਜਾਬ' ਜੀ.ਆਈ.ਐੱਸ ਪੋਰਟਲ ਵੀ ਸ਼ੁਰੂ ਕਰ ਦਿੱਤਾ ਗਿਆ ਹੈ, ਤਾਂ ਜੋ ਕੇਂਦਰੀਕ੍ਰਿਤ ਡਾਟਾ ਏਕੀਕਰਨ ਅਤੇ ਲਗਾਤਾਰ ਰੀਅਲ-ਟਾਇਮ ਟ੍ਰੈਕਿੰਗ ਹੋ ਸਕੇ।

69. ਯੋਜਨਾਬੱਧ ਸ਼ਹਿਰੀਕਰਨ ਨੂੰ ਹੋਰ ਮਜ਼ਬੂਤ ਕਰਨ ਅਤੇ ਨਾਗਰਿਕ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨ ਲਈ, ਵਿੱਤੀ ਸਾਲ 2026-27 ਵਿੱਚ ਰਿਹਾਇਸ਼ ਅਤੇ ਸ਼ਹਿਰੀ ਵਿਕਾਸ ਖੇਤਰ ਲਈ 7,257 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਹੈ।

# ਉਦਯੋਗ ਅਤੇ ਵਣਜ

70. ਮਾਣਯੋਗ ਸਪੀਕਰ ਸਾਹਿਬ, ਸਾਡੀ ਸਰਕਾਰ ਦੀਆਂ ਸੁਧਾਰ-ਪੱਖੀ ਨੀਤੀਆਂ ਨੇ ਪੰਜਾਬ ਦੀ ਆਰਥਿਕ ਸਮਰੱਥਾ ਵਿੱਚ ਮੁੜ ਵਿਸ਼ਵਾਸ ਜਗਾਉਣਾ ਸ਼ੁਰੂ ਕਰ ਦਿੱਤਾ ਹੈ। ਮਾਰਚ 2022 ਤੋਂ ਹੁਣ ਤੱਕ ਸੂਬੇ ਨੂੰ 1,45,371 ਲੱਖ ਕਰੋੜ ਰੁਪਏ ਦੇ 8,049 ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ, ਜਿਸ ਨਾਲ 5.21 ਲੱਖ ਤੋਂ ਵੱਧ ਵਿਅਕਤੀਆਂ ਨੂੰ ਰੁਜ਼ਗਾਰ ਮਿਲਣ ਦੀ ਉਮੀਦ ਹੈ। ਇਸ ਤੋਂ ਇਲਾਵਾ, ਵਿਕਾਸ ਦੀ ਇਹ ਰਫ਼ਤਾਰ ਹੋਰ ਵੀ ਤੇਜ਼ ਹੋ ਰਹੀ ਹੈ ਕਿਉਂਕਿ ਸਾਲ 2025 ਵਿੱਚ ਪੰਜਾਬ ਵਿੱਚ 55,000 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ, ਜੋ ਕਿ ਪੰਜਾਬ ਦੇ ਇਤਿਹਾਸ ਵਿੱਚ ਕਿਸੇ ਵੀ ਇੱਕ ਸਾਲ ਅੰਦਰ ਹੋਇਆ ਸਭ ਤੋਂ ਵੱਡਾ ਨਿਵੇਸ਼ ਹੈ। ਨਿਵੇਸ਼ਕਾਂ ਦੇ ਇਸ ਵਧਦੇ ਭਰੋਸੇ ਦੀ ਝਲਕ ਸੂਬੇ ਵਿੱਚ ਵਧ ਰਹੇ ਵਿਦੇਸ਼ੀ ਨਿਵੇਸ਼ ਤੋਂ ਵੀ ਮਿਲਦੀ ਹੈ, ਜੋ ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ 2022 ਦੇ ਮੁਕਾਬਲੇ 2025 ਵਿੱਚ ਦੁੱਗਣਾ ਹੋ ਗਿਆ ਹੈ। ਇਸ ਦੇ ਸਿੱਟੇ ਵਜੋਂ ਰਾਜ ਕੁੱਲ ਐਫ.ਡੀ.ਆਈ. ਇਨਫਲੋਅ ਵਿੱਚ ਪਹਿਲੇ 15ਵੇਂ ਰੈਂਕ ਤੋਂ ਵਧ ਕੇ ਹੁਣ 11ਵੇਂ ਰੈਂਕ 'ਤੇ ਆ ਗਿਆ ਹੈ।

71. ਮਾਨਯੋਗ ਸਪੀਕਰ ਸਾਹਿਬ, ਮਾਰਚ 2022 ਤੋਂ ਹੁਣ ਤੱਕ, ਲਗਾਤਾਰ ਚਲ ਰਹੇ ਨੀਤੀਗਤ ਢਾਂਚਿਆਂ ਦੇ ਅਧੀਨ ਲਗਭਗ 1,198 ਉਦਯੋਗਿਕ ਇਕਾਈਆਂ ਨੂੰ 14,734 ਕਰੋੜ ਰੁਪਏ ਦੇ ਵਿੱਤੀ ਪ੍ਰੋਤਸਾਹਨ ਪ੍ਰਵਾਨ ਕੀਤੇ ਗਏ ਹਨ। ਇਸ ਦੇ ਨਾਲ ਹੀ ਉਦਯੋਗਿਕ ਮੁਕਾਬਲੇਬਾਜ਼ੀ ਨੂੰ ਬਰਕਰਾਰ ਰੱਖਣ ਲਈ ਰਿਆਇਤੀ ਬਿਜਲੀ ਦਰਾਂ ਦੇ ਮੱਦੇਨਜ਼ਰ ਰਾਜ ਸਰਕਾਰ ਵੱਲੋਂ 9,275 ਕਰੋੜ ਰੁਪਏ ਦਾ ਖਰਚਾ ਕੀਤਾ ਗਿਆ ਹੈ।

72. ਸਰਕਾਰ ਨੇ ਲੰਬੇ ਸਮੇਂ ਤੋਂ ਲਟਕਦੇ ਉਦਯੋਗਿਕ ਬਕਾਏ ਦੇ ਨਿਪਟਾਰੇ ਅਤੇ ਉਦਯੋਗਿਕ ਇਕਾਈਆਂ ਦੀ ਮੁੜ-ਸੁਰਜੀਤੀ ਵਿੱਚ ਸਹਾਇਤਾ ਲਈ 'ਯਕਮੁਸ਼ਤ ਨਿਪਟਾਰਾ' (OTS) ਸਕੀਮਾਂ ਸ਼ੁਰੂ ਕੀਤੀਆਂ ਹਨ। ਇਸ ਪਹਿਲਕਦਮੀ ਨਾਲ ਲਗਭਗ 3,100 ਉਦਯੋਗਿਕ ਇਕਾਈਆਂ ਨੂੰ ਲਾਭ ਹੋਣ ਦੀ ਉਮੀਦ ਹੈ। ਇਸ ਤੋਂ ਇਲਾਵਾ, ਉਦਯੋਗਿਕ ਪਲਾਟਾਂ ਦੀ ਵਧੀ ਹੋਈ ਜ਼ਮੀਨ ਦੀ ਕੀਮਤ ਅਤੇ ਮੂਲ ਲਾਗਤ ਨਾਲ ਸਬੰਧਤ ਬਕਾਇਆ ਰਕਮਾਂ ਦੇ ਨਿਪਟਾਰੇ ਲਈ ਇੱਕ ਵੱਖਰੀ 'ਯਕਮੁਸ਼ਤ ਨਿਪਟਾਰਾ' ਨੀਤੀ ਪੇਸ਼ ਕੀਤੀ ਗਈ ਹੈ।

73. ਮਾਣਯੋਗ ਸਪੀਕਰ ਸਾਹਿਬ, ਪਿਛਲੇ ਚਾਰ ਸਾਲਾਂ ਦੌਰਾਨ ਰੱਖੀ ਗਈ ਮਜ਼ਬੂਤ ਬੁਨਿਆਦ ਨੂੰ ਅੱਗੇ ਵਧਾਉਂਦਿਆਂ ਅਤੇ ਉਦਯੋਗਿਕ ਖੇਤਰ ਵਿੱਚ ਉੱਭਰ ਰਹੇ ਨਵੇਂ ਮੌਕਿਆਂ ਦੇ ਮੱਦੇਨਜ਼ਰ ਸਾਡੀ ਸਰਕਾਰ ਨੇ 'ਉਦਯੋਗਿਕ ਨੀਤੀ 2026' ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਨਵੀਂ ਨੀਤੀ ਦਾ ਮੁੱਖ ਉਦੇਸ਼ ਕਾਰੋਬਾਰ ਕਰਨ ਦੀ ਸੌਖ ਨੂੰ ਹੋਰ ਮਜ਼ਬੂਤ ਕਰਨਾ, ਵਿਸ਼ੇਸ਼ ਖੇਤਰਾਂ ਲਈ ਰਿਆਇਤਾਂ ਦਾ ਵਿਸਥਾਰ ਕਰਨਾ ਅਤੇ ਨਿਵੇਸ਼-ਅਧਾਰਿਤ ਵਿਕਾਸ ਨੂੰ ਨਵੀਂ ਰਫ਼ਤਾਰ ਦੇਣਾ ਹੈ। ਇਹ ਨੀਤੀ ਕੋਈ ਰਵਾਇਤੀ ਸੁਧਾਰ ਨਹੀਂ, ਸਗੋਂ 'ਪੰਜਾਬ ਉਦਯੋਗ ਕ੍ਰਾਂਤੀ ਪਹਿਲਕਦਮੀ' ਤਹਿਤ ਚਲਾਈ ਗਈ ਵਿਆਪਕ ਅਤੇ ਸਾਂਝੀ ਪ੍ਰਕਿਰਿਆ ਦਾ ਸਿੱਟਾ ਹੈ। ਇਸ ਉਪਰਾਲੇ ਦੇ ਤਹਿਤ 24 ਖੇਤਰੀ ਕਮੇਟੀਆਂ ਦਾ ਗਠਨ ਕੀਤਾ ਗਿਆ ਅਤੇ "ਰਾਈਜ਼ਿੰਗ ਪੰਜਾਬ: ਸੁਝਾਅ ਤੋਂ ਹੱਲ ਤੱਕ" ਅਧੀਨ ਰਾਜ ਪੱਧਰੀ ਸਲਾਹ-ਮਸ਼ਵਰੇ ਕੀਤੇ ਗਏ ਸਨ। ਨੀਤੀ ਨਿਰਮਾਣ ਦੀ ਜ਼ਿੰਮੇਵਾਰੀ ਸਿੱਧੀ ਉਦਯੋਗਿਕ ਭਾਈਵਾਲਾਂ ਦੇ ਹੱਥਾਂ ਵਿੱਚ ਦੇ ਕੇ ਅਸੀਂ ਇਹ ਯਕੀਨੀ ਬਣਾਇਆ ਹੈ ਕਿ ਨਵੀਂ ਉਦਯੋਗਿਕ ਨੀਤੀ 2026 ਅਸਲ ਕਾਰੋਬਾਰੀ ਲੋੜਾਂ ਨੂੰ ਦਰਸਾਵੇ, ਕਾਰਗੁਜ਼ਾਰੀ ਸਬੰਧੀ ਚੁਣੌਤੀਆਂ ਨੂੰ ਹੱਲ ਕਰੇ ਅਤੇ ਪੰਜਾਬ ਨੂੰ ਰੁਜ਼ਗਾਰਮੁਖੀ ਅਤੇ ਟਿਕਾਊ ਉਦਯੋਗਿਕ ਵਿਸਥਾਰ ਦੇ ਅਗਲੇ ਪੜਾਅ ਲਈ ਤਿਆਰ ਕਰੇ।

74. ਇਸ ਰਫ਼ਤਾਰ ਅਤੇ ਪਾਲਿਸੀ ਦੇ ਮੂਲ-ਢਾਂਚੇ (ਈਕੋ-ਸਿਸਟਮ) ਨੂੰ ਹੋਰ ਮਜ਼ਬੂਤ ਕਰਦਿਆਂ, ਸਾਡੇ ਉਦਯੋਗਿਕ ਪ੍ਰਬੰਧ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਨਿਵੇਸ਼ਕਾਂ ਦੇ ਭਰੋਸੇ ਨੂੰ ਹੋਰ ਪੱਕਾ ਕਰਨ ਲਈ ਕਈ ਬੁਨਿਆਦੀ ਸੁਧਾਰ ਕੀਤੇ ਗਏ ਹਨ। 'ਫਾਸਟ ਟ੍ਰੈਕ ਪੰਜਾਬ ਪੋਰਟਲ' ਸਮਾਂਬੱਧ, ਸਿੰਗਲ-ਵਿੰਡੋ ਕਲੀਅਰੈਂਸ ਨੂੰ ਡੀਮਡ ਅਪਰੂਵਲ ਵਿਧੀ ਰਾਹੀਂ ਯਕੀਨੀ ਬਣਾਉਂਦਾ ਹੈ। ਇਸ ਦੇ ਨਾਲ ਹੀ 'ਪੰਜਾਬ ਰਾਈਟ ਟੂ ਬਿਜ਼ਨਸ ਐਕਟ' ਵਿੱਚ ਕੀਤੀਆਂ ਸੋਧਾਂ ਯੋਗ ਉੱਦਮਾਂ ਨੂੰ ਸਿਧਾਂਤਕ ਮਨਜ਼ੂਰੀਆਂ ਦੇ ਆਧਾਰ 'ਤੇ ਸਵੈ-ਘੋਸ਼ਣਾ ਰਾਹੀਂ ਕਾਰੋਬਾਰ ਸ਼ੁਰੂ ਕਰਨ ਦੀ ਆਗਿਆ ਦਿੰਦੀਆਂ ਹਨ । ਉਦਯੋਗਿਕ ਜ਼ਮੀਨ ਪ੍ਰਬੰਧਨ ਵਿੱਚ ਕੀਤੇ ਗਏ ਸੁਧਾਰਾਂ ਨੇ ਲੰਬੇ ਸਮੇਂ ਤੋਂ ਚੱਲ ਰਹੀਆਂ ਰੁਕਾਵਟਾਂ ਨੂੰ ਦੂਰ ਕਰ ਦਿੱਤਾ ਹੈ ਜਿਨ੍ਹਾਂ ਵਿੱਚ 'ਵਨ-ਟਾਈਮ ਸੈਟਲਮੈਂਟ' ਦੇ ਪ੍ਰਬੰਧ, ਪਲਾਟਾਂ ਦੀ ਵਰਤੋਂ ਲਈ ਲਚਕਦਾਰ ਨੀਤੀਆਂ ਅਤੇ ਸੁਚਾਰੂ ਰੂਪਾਂਤਰਣ ਵਿਧੀਆਂ ਸ਼ਾਮਲ ਹਨ। ਇਸ ਦੇ ਨਾਲ ਹੀ, ਝਗੜਾ ਨਿਪਟਾਰਾ ਪ੍ਰਣਾਲੀਆਂ, ਕਲੱਸਟਰ ਵਿਕਾਸ ਪਹਿਲਕਦਮੀਆਂ, ਲੌਜਿਸਟਿਕਸ ਵਿੱਚ ਸੁਧਾਰ ਅਤੇ ਡਿਜੀਟਲ ਸਹੂਲਤਾਂ ਵਾਲੇ ਪਲੇਟਫਾਰਮਾਂ ਰਾਹੀਂ ਐੱਮ.ਐੱਸ.ਐੱਮ.ਈਜ਼ (MSMEs) ਨੂੰ ਦਿੱਤੀ ਜਾ ਰਹੀ ਮਜ਼ਬੂਤ ਸਹਾਇਤਾ ਇਹ ਯਕੀਨੀ ਬਣਾ ਰਹੀ ਹੈ ਕਿ ਉਦਯੋਗਿਕ ਵਿਕਾਸ ਵਿਆਪਕ, ਰੁਜ਼ਗਾਰਮੁਖੀ ਅਤੇ ਖੇਤਰੀ ਤੌਰ 'ਤੇ ਸੰਤੁਲਿਤ ਰਹੇ।

75. ਪੰਜਾਬ ਦੀ ਉਦਯੋਗਿਕ ਗਤੀ ਨੂੰ ਹੋਰ ਤੇਜ਼ ਕਰਨ ਲਈ, ਵਿੱਤੀ ਸਾਲ 2026–27 ਵਿੱਚ ਉਦਯੋਗ ਅਤੇ ਵਣਜ ਖੇਤਰ ਲਈ 2,805 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਇਸ ਵਿੱਚ ਉਦਯੋਗਾਂ ਨੂੰ ਸਬਸਿਡੀ ਵਾਲੀ ਬਿਜਲੀ ਦੀ ਨਿਰੰਤਰ ਸਹਾਇਤਾ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਵੱਖ-ਵੱਖ ਉਦਯੋਗਾਂ ਨੂੰ ਵਿੱਤੀ ਰਿਆਇਤਾਂ ਦੇਣ ਵਾਸਤੇ 500 ਕਰੋੜ ਰੁਪਏ ਸ਼ਾਮਲ ਹਨ।

# ਰੁਜ਼ਗਾਰ ਉਤਪਤੀ ਅਤੇ ਸਿਖਲਾਈ

76. ਰੁਜ਼ਗਾਰ ਉਤਪਤੀ ਅਤੇ ਨੌਜਵਾਨ ਸਸ਼ਕਤੀਕਰਨ ਸਾਡੀ ਸਰਕਾਰ ਦੀਆਂ ਮੁੱਖ ਤਰਜੀਹਾਂ ਹਨ। ਸਾਡੀ ਸਰਕਾਰ ਨੇ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਸਾਲ 2022 ਤੋਂ ਲੈ ਕੇ ਹੁਣ ਤੱਕ ਵੱਖ-ਵੱਖ ਵਿਭਾਗਾਂ ਵਿੱਚ 63,943 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਹਨ।

77. ਵਿੱਤੀ ਸਾਲ 2025-26 ਦੌਰਾਨ ਰਾਜ ਭਰ ਵਿੱਚ ਆਯੋਜਿਤ 1,356 ਤੋਂ ਵੱਧ ਪਲੇਸਮੈਂਟ ਕੈਂਪਾਂ ਅਤੇ ਰੁਜ਼ਗਾਰ ਮੇਲਿਆਂ ਰਾਹੀਂ 70,000 ਤੋਂ ਵੱਧ ਉਮੀਦਵਾਰਾਂ ਨੂੰ ਨੌਕਰੀਆਂ ਲੈਣ ਵਿਚ ਸਹਾਇਤਾ ਮਿਲੀ। ਇਸ ਤੋਂ ਇਲਾਵਾ 261 ਸਵੈ-ਰੁਜ਼ਗਾਰ ਕੈਂਪਾਂ ਨੇ 15,000 ਤੋਂ ਵੱਧ ਨੌਜਵਾਨਾਂ ਨੂੰ ਆਪਣੇ ਸੁਪਨੇ ਸਾਕਾਰ ਕਰਨ ਲਈ ਕਰਜ਼ਾ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਬਣਾਇਆ, ਜਦਕਿ 2.95 ਲੱਖ ਤੋਂ ਵੱਧ ਉਮੀਦਵਾਰਾਂ ਨੂੰ ਵਿਆਪਕ ਕੈਰੀਅਰ ਕਾਊਂਸਲਿੰਗ ਅਤੇ ਕਿੱਤਾਮੁਖੀ ਮਾਰਗਦਰਸ਼ਨ ਪ੍ਰਦਾਨ ਕੀਤਾ ਗਿਆ।

78. ਪੰਜਾਬ ਹੁਣ ਰੱਖਿਆ ਅਤੇ ਰਣਨੀਤਕ ਖੇਤਰ ਦੇ ਹੁਨਰ ਵਿੱਚ ਮਹਾਨ ਕੇਂਦਰ ਵਜੋਂ ਆਪਣੀ ਵਿਲੱਖਣ ਪਛਾਣ ਬਣਾ ਰਿਹਾ ਹੈ। ਸਿਖਲਾਈ ਪ੍ਰਣਾਲੀਆਂ ਨੂੰ ਉਦਯੋਗਿਕ ਲੋੜਾਂ ਦੇ ਅਨੁਕੂਲ ਢਾਲਣ ਲਈ ਜਨਵਰੀ 2026 ਵਿੱਚ ਇਤਿਹਾਸਕ 'ਡਿਫੈਂਸ ਸਕਿੱਲ ਸਮਿਟ' ਦਾ ਆਯੋਜਨ ਕੀਤਾ ਗਿਆ, ਜਿਸ ਦੇ ਨਤੀਜੇ ਵਜੋਂ ਦੇਸ਼ ਦੀਆਂ ਪ੍ਰਮੁੱਖ ਉਦਯੋਗਿਕ ਇਕਾਈਆਂ ਨਾਲ ਅਹਿਮ ਭਾਈਵਾਲੀਆਂ ਸਥਾਪਤ ਹੋਈਆਂ ਹਨ। 'ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ' ਦੇ ਤਹਿਤ ਹਜ਼ਾਰਾਂ ਨੌਜਵਾਨਾਂ ਨੂੰ ਸੇਵਾ ਅਤੇ ਨਿਰਮਾਣ ਖੇਤਰਾਂ ਵਿੱਚ ਸਿਖਲਾਈ ਦਿੱਤੀ ਗਈ ਹੈ ਅਤੇ ਉਨ੍ਹਾਂ ਦੀ ਪਲੇਸਮੈਂਟ ਦੀ ਪ੍ਰਕਿਰਿਆ ਨਿਰੰਤਰ ਜਾਰੀ ਹੈ।

79. ਸੀ-ਪਾਈਟ (CPYTE) ਕੇਂਦਰਾਂ ਵੱਲੋਂ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ ਲਈ ਤਿਆਰ ਕਰਨਾ ਜਾਰੀ ਰੱਖਿਆ ਹੋਇਆ ਹੈ, ਜਦਕਿ 'ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟਸ' ਵਿੱਚ ਅਫ਼ਸਰਾਂ ਦੀ ਭਰਤੀ (ਕਮਿਸ਼ਨਿੰਗ) ਦੇ ਮਾਮਲੇ ਵਿੱਚ ਸ਼ਾਨਦਾਰ ਸਫਲਤਾ ਹਾਸਲ ਕੀਤੀ ਹੈ, ਜਿਸ ਵਿੱਚ ਇਸਤਰੀ ਕੈਡੇਟਾਂ ਦੀ ਵਧਦੀ ਭਾਗੀਦਾਰੀ ਵੀ ਸ਼ਾਮਲ ਹੈ। ਹੁਸ਼ਿਆਰਪੁਰ ਦੇ ਬਜਵਾੜਾ ਵਿਖੇ ਨਵਾਂ ਸਥਾਪਿਤ 'ਸਰਦਾਰ ਬਹਾਦਰ ਅਮੀਨ ਚੰਦ ਸੋਨੀ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ' ਲਗਭਗ ਮੁਕੰਮਲ ਹੋ ਚੁੱਕਿਆ ਹੈ। ਇਹ ਵਿੱਤੀ ਸਾਲ 2026-27 ਵਿੱਚ ਦਾਖ਼ਲਾ ਪ੍ਰੀਖਿਆਵਾਂ ਅਤੇ ਐੱਸ.ਐੱਸ.ਬੀ. ਤਿਆਰੀ ਲਈ ਸਮਰਪਿਤ ਵਿੰਗਾਂ ਦੇ ਨਾਲ ਸਿਖਲਾਈ ਸ਼ੁਰੂ ਕਰ ਦੇਵੇਗਾ। ਇਹ ਪੰਜਾਬ ਦੇ ਨੌਜਵਾਨਾਂ ਲਈ ਰੱਖਿਆ ਸੇਵਾਵਾਂ ਵਿੱਚ ਸ਼ਾਮਲ ਹੋਣ ਦੇ ਢਾਂਚਾਗਤ ਰਾਹਾਂ ਨੂੰ ਹੋਰ ਵਿਸਥਾਰ ਦੇਵੇਗਾ। ਇਨ੍ਹਾਂ ਵੱਖ-ਵੱਖ ਉਪਰਾਲਿਆਂ ਨੂੰ ਅੱਗੇ ਵਧਾਉਣ ਲਈ, ਵਿੱਤੀ ਸਾਲ 2026-27 ਵਿੱਚ 287 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

## ਯੁੱਧ ਨਸ਼ਿਆਂ ਦੇ ਵਿਰੁੱਧ

80. ਮਾਣਯੋਗ ਸਪੀਕਰ ਸਾਹਿਬ, ਪਿਛਲੇ ਬਜਟ ਵਿੱਚ ਦਿੱਤੇ ਗਏ ਭਰੋਸੇ ਅਨੁਸਾਰ, "ਯੁੱਧ ਨਸ਼ਿਆਂ ਦੇ ਵਿਰੁੱਧ" ਆਰਜ਼ੀ ਮੁਹਿੰਮ ਨਹੀਂ ਬਲਕਿ ਨਸ਼ਿਆਂ ਦੇ ਖਤਰੇ ਖ਼ਿਲਾਫ਼ ਨਿਰੰਤਰ ਅੰਦੋਲਨ ਵਜੋਂ ਜਾਰੀ ਰੱਖਿਆ ਗਿਆ ਹੈ। ਪਿਛਲੇ ਸਾਲ ਦੌਰਾਨ, ਐੱਨ.ਡੀ.ਪੀ.ਐੱਸ. (NDPS) ਐਕਟ ਤਹਿਤ 52,331 ਤਸਕਰਾਂ ਵਿਰੁੱਧ 36,686 ਕੇਸ ਦਰਜ ਕੀਤੇ ਗਏ ਹਨ ਅਤੇ ਖੁਫ਼ੀਆ ਜਾਣਕਾਰੀ 'ਤੇ ਅਧਾਰਤ ਕਾਰਵਾਈਆਂ ਰਾਹੀਂ 33,000 ਕਿਲੋਗ੍ਰਾਮ ਤੋਂ ਵੱਧ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਹਨ। ਨਸ਼ਾ ਤਸਕਰੀ ਤੋਂ ਪ੍ਰਾਪਤ ਨਾਜਾਇਜ਼ ਕਮਾਈ ਤੋਂ ਬਣਾਈਆਂ ਗਈਆਂ

ਜਾਇਦਾਦਾਂ ਨੂੰ ਜ਼ਬਤ ਕਰਨ ਲਈ ਵਿੱਤੀ ਜਾਂਚ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਗਿਆ ਹੈ। ਇਸ ਦੇ ਨਾਲ ਹੀ, ਭਾਈਚਾਰਕ ਨਿਗਰਾਨੀ ਰਾਹੀਂ ਕਾਨੂੰਨ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਹੋਰ ਬਲ ਦੇਣ ਲਈ 1.25 ਲੱਖ ਮੈਂਬਰਾਂ ਸਮੇਤ ਲਗਭਗ 12,000 ਪਿੰਡ ਸੁਰੱਖਿਆ ਕਮੇਟੀਆਂ ਅਤੇ ਹਜ਼ਾਰਾਂ "ਪਿੰਡ ਦੇ ਪਹਿਰੇਦਾਰ" ਵਲੰਟੀਅਰਾਂ ਨੂੰ ਵੀ ਸਰਗਰਮ ਕੀਤਾ ਗਿਆ ਹੈ। ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਪਿਛਲੇ ਦੋ ਮਹੀਨਿਆਂ ਵਿਚ ਹੀ, 350 ਤੋਂ ਵੱਧ ਐੱਫ.ਆਈ.ਆਰਜ ਦਰਜ ਕੀਤੀਆਂ ਗਈਆਂ ਹਨ ਅਤੇ ਪਿੰਡ ਸੁਰੱਖਿਆ ਕਮੇਟੀਆਂ ਦੀ ਪੁਸ਼ਟੀ ਤੇ 510 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

81. ਐਂਟੀ-ਗੈਂਗਸਟਰ ਟਾਸਕ ਫੋਰਸ (AGTF) ਲੋਕਾਂ ਦੇ ਭਰੋਸੇ ਨੂੰ ਬਹਾਲ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਇਸਦੇ ਗਠਨ ਤੋਂ ਲੈ ਕੇ ਹੁਣ ਤੱਕ 2,762 ਗੈਂਗਸਟਰਾਂ ਅਤੇ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, 34 ਮੁਕਾਬਲਿਆਂ ਵਿੱਚ ਖ਼ਤਮ ਕੀਤੇ ਗਏ ਹਨ, 1,062 ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਹੈ ਅਤੇ 2,203 ਹਥਿਆਰ ਬਰਾਮਦ ਕੀਤੇ ਹਨ। ਸੰਗਠਿਤ ਅਪਰਾਧ ਅਤੇ ਨਸ਼ਾ ਤਸਕਰੀ ਦੇ ਗਠਜੋੜ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ "ਆਪਰੇਸ਼ਨ ਪ੍ਰਹਾਰ" ਸ਼ੁਰੂ ਕੀਤਾ ਗਿਆ, ਜੋ ਕਿ ਗੈਂਗਸਟਰ ਨੈੱਟਵਰਕਾਂ, ਫਾਇਨੈਂਸਰਜ਼ ਅਤੇ ਸਪਲਾਈ ਲੜੀ ਨੂੰ ਖਤਮ ਕਰਨ ਲਈ ਬਣਾਇਆ ਗਿਆ। ਇਸ ਸਮਕਾਲੀ ਕਾਰਵਾਈ ਨੇ ਉਸ ਢਾਂਚੇ ਨੂੰ ਹਿਲਾ ਕੇ ਰੱਖ ਦਿੱਤਾ ਹੈ, ਜੋ ਨਸ਼ਾ ਤਸਕਰੀ ਅਤੇ ਹਿੰਸਕ ਅਪਰਾਧ ਦੀ ਬੁਨਿਆਦ ਸੀ। ਵਿੱਤੀ ਸਾਲ 2026-27 ਵਿੱਚ ਅਸੀਂ ਇਸ ਕਾਰਜ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਾਂਗੇ ਜਿਸ ਵਿਚ ਬਿਹਤਰ ਸਾਈਬਰ ਅਤੇ ਫੋਰੈਂਸਿਕ ਸਮਰੱਥਾਵਾਂ, ਮਜ਼ਬੂਤ ਐਂਟੀ-ਨਾਰਕੋਟਿਕਸ ਟਾਸਕ ਫੋਰਸ ਕਾਰਵਾਈਆਂ, ਡਿਜੀਟਲ ਨਿਗਰਾਨ ਪ੍ਰਣਾਲੀਆਂ ਅਤੇ ਅਪਰਾਧਕ ਨੈੱਟਵਰਕਾਂ ਦੇ ਵਿੱਤੀ ਢਾਂਚੇ ਨੂੰ

ਤੋੜਨਾ ਸ਼ਾਮਲ ਹੋਵੇਗਾ। ਇਸ ਤਰ੍ਹਾਂ "ਯੁੱਧ ਨਸ਼ਿਆਂ ਦੇ ਵਿਰੁੱਧ" ਕੇਵਲ ਕਾਰਵਾਈ ਨਾ ਰਹਿ ਕੇ ਲੰਮੀ-ਮਿਆਦ ਵਾਲੇ ਪ੍ਰਸ਼ਾਸਕੀ ਢਾਂਚੇ ਦੇ ਰੂਪ ਵਿੱਚ ਵਿਕਸਿਤ ਹੋ ਰਿਹਾ ਹੈ। ਇਹ ਮੁਹਿੰਮ ਕਾਰਵਾਈ ਵਿਚ ਸਖ਼ਤ, ਖੁਫੀਆ ਜਾਣਕਾਰੀ ਵਿੱਚ ਸਟੀਕ ਅਤੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦੇ ਆਪਣੇ ਸੰਕਲਪ ਵਿੱਚ ਅਟੱਲ ਹੈ।

82. ਮਾਣਯੋਗ ਸਪੀਕਰ ਸਾਹਿਬ, ਪਿਛਲੇ ਬਜਟ ਵਿੱਚ ਕੀਤੇ ਗਏ ਐਲਾਨ ਅਨੁਸਾਰ, ਰਾਜ ਨੇ 'ਜਾਤੀ ਅਤੇ ਨਸ਼ਾ ਮਰਦਮਸ਼ੁਮਾਰੀ' ਦੀ ਪਹਿਲ ਵੱਲ ਨਿਰਣਾਇਕ ਕਦਮ ਚੁੱਕੇ ਹਨ। ਮੌਜੂਦਾ ਸਾਲ ਦੌਰਾਨ, ਇਸ ਲਈ ਲੋੜੀਂਦਾ ਮੁੱਢਲਾ ਕੰਮ ਮੁਕੰਮਲ ਕਰ ਲਿਆ ਗਿਆ ਹੈ, ਜਿਸ ਵਿੱਚ ਇੱਕ ਵਿਸ਼ੇਸ਼ ਸੌਫਟਵੇਅਰ ਪਲੇਟਫਾਰਮ ਦਾ ਵਿਕਾਸ ਅਤੇ ਫੀਲਡ ਕਰਮਚਾਰੀਆਂ ਦੀ ਵਿਆਪਕ ਸਿਖਲਾਈ ਸ਼ਾਮਲ ਹੈ, ਤਾਂ ਜੋ ਸ਼ੁੱਧਤਾ, ਪਾਰਦਰਸ਼ਤਾ ਅਤੇ ਅੰਕੜਿਆਂ ਦੀ ਇੰਟੀਗ੍ਰਿਟੀ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਤਿਆਰੀ ਨੂੰ ਅੱਗੇ ਵਧਾਉਂਦੇ ਹੋਏ, ਅਪ੍ਰੈਲ ਤੋਂ ਮਰਦਮਸ਼ੁਮਾਰੀ ਸ਼ੁਰੂ ਕੀਤੀ ਜਾਵੇਗੀ, ਜੋ ਸਰਕਾਰ ਨੂੰ ਭਰੋਸੇਯੋਗ ਅਤੇ ਤੱਥਾਂ 'ਤੇ ਅਧਾਰਤ ਅੰਕੜੇ ਤਿਆਰ ਕਰਨ ਦੇ ਸਮਰੱਥ ਬਣਾਏਗੀ। ਇਹ ਅੰਕੜੇ ਟੀਚਾਬੱਧ ਭਲਾਈ ਕਾਰਜਾਂ ਵਿੱਚ ਮਾਰਗਦਰਸ਼ਨ ਕਰਨਗੇ ਅਤੇ ਨਸ਼ਿਆਂ ਦੇ ਵਿਰੁੱਧ ਸਾਡੀ ਲੜਾਈ ਨੂੰ ਹੋਰ ਮਜ਼ਬੂਤ ਕਰਨਗੇ। ਇਸ ਦੇ ਪ੍ਰਭਾਵੀ ਲਾਗੂਕਰਨ ਲਈ ਵਿੱਤੀ ਸਾਲ 2026-27 ਵਿੱਚ 100 ਕਰੋੜ ਰੁਪਏ ਦਾ ਬਜਟ ਰਾਖਵਾਂ ਕੀਤਾ ਗਿਆ ਹੈ।

## ਖੇਡਦਾ ਪੰਜਾਬ, ਬਦਲਦਾ ਪੰਜਾਬ

83. ਮਾਣਯੋਗ ਸਪੀਕਰ ਸਾਹਿਬ, ਪਿਛਲੇ ਸਾਲ ਇਤਿਹਾਸਕ ਪਹਿਲ "ਖੇਡਦਾ ਪੰਜਾਬ, ਬਦਲਦਾ ਪੰਜਾਬ" ਦੇ ਤਹਿਤ ਅਸੀਂ ਐਲਾਨ ਕੀਤਾ ਸੀ ਕਿ ਨਸ਼ਿਆਂ ਵਿਰੁੱਧ ਜੰਗ ਸਿਰਫ਼ ਕਾਰਵਾਈ ਰਾਹੀਂ ਨਹੀਂ, ਸਗੋਂ ਸਾਡੇ ਨੌਜਵਾਨਾਂ ਨੂੰ ਰਚਨਾਤਮਕ, ਅਨੁਸ਼ਾਸਿਤ ਅਤੇ ਪ੍ਰਤੀਯੋਗੀ

ਗਤੀਵਿਧੀਆਂ ਵਿੱਚ ਸ਼ਾਮਲ ਕਰਕੇ ਲੜੀ ਜਾਵੇਗੀ। ਅਸੀਂ ਮੁੱਢਲੇ ਪੱਧਰ ਤੇ ਪਿੰਡਾਂ ਵਿਚ ਮਾਡਲ ਖੇਡ ਮੈਦਾਨ ਅਤੇ ਜਿੰਮ ਬਣਾਉਣ ਅਤੇ ਪੰਜਾਬ ਦੇ ਖੇਡ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਦਾ ਅਹਿਦ ਲਿਆ ਸੀ। ਮੌਜੂਦਾ ਵਿੱਤੀ ਸਾਲ ਦੌਰਾਨ, ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਖੇਡ ਬੁਨਿਆਦੀ ਢਾਂਚੇ ਦੀ ਮਜ਼ਬੂਤ ਨੀਂਹ ਰੱਖੀ ਗਈ ਹੈ। ਇਸ ਤਹਿਤ 1,100 ਕਰੋੜ ਰੁਪਏ ਦੀ ਲਾਗਤ ਨਾਲ 3,000 ਤੋਂ ਵੱਧ ਅਤਿ-ਆਧੁਨਿਕ ਪੇਂਡੂ ਖੇਡ ਮੈਦਾਨ ਉਸਾਰੀ ਅਧੀਨ ਹਨ, ਜੋ ਜੂਨ 2026 ਤੱਕ ਮੁਕੰਮਲ ਕਰ ਲਏ ਜਾਣਗੇ। ਇਹ ਖੇਡ ਮੈਦਾਨ ਲੇਜ਼ਰ-ਲੈਵਲਡ ਮੈਦਾਨਾਂ, ਜੋਗਿੰਗ ਟ੍ਰੈਕਾਂ, ਫੁੱਟਬਾਲ ਤੇ ਵਾਲੀਬਾਲ ਕੋਰਟਾਂ, ਬੱਚਿਆਂ ਦੇ ਖੇਡਣ ਦੇ ਖੇਤਰ, ਮਰਦਾਂ ਤੇ ਮਹਿਲਾਵਾਂ ਲਈ ਵੱਖਰੇ ਪਖਾਨਿਆਂ ਅਤੇ ਹਾਈ-ਮਾਸਟ ਲਾਈਟਾਂ ਵਰਗੀਆਂ ਆਧੁਨਿਕ ਸਹੂਲਤਾਂ ਨਾਲ ਲੈਸ ਹੋਣਗੇ। ਇਸੇ ਲੜੀ ਤਹਿਤ, 1,000 ਪੇਂਡੂ ਇੰਡੋਰ ਜਿਮ ਵੀ ਬਣਾਏ ਜਾ ਰਹੇ ਹਨ ਜੋ ਅਪ੍ਰੈਲ 2026 ਤੱਕ ਤਿਆਰ ਹੋ ਜਾਣਗੇ। ਪੰਜਾਬ ਦੇ ਇਤਿਹਾਸ ਵਿੱਚ ਕਿਸੇ ਵੀ ਸਰਕਾਰ ਵੱਲੋਂ ਖੇਡਾਂ ਦੇ ਖੇਤਰ ਵਿੱਚ ਕੀਤਾ ਗਿਆ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਨਿਵੇਸ਼ ਹੈ। ਇਹਨਾਂ ਯਤਨਾਂ ਨੇ ਨੌਜਵਾਨਾਂ ਵਿੱਚ ਨਵਾਂ ਉਤਸ਼ਾਹ ਭਰਿਆ ਹੈ ਅਤੇ ਪਿੰਡਾਂ ਦੇ ਖੇਡ ਮੈਦਾਨਾਂ ਨੂੰ ਜੀਵੰਤ ਭਾਈਚਾਰਕ ਕੇਂਦਰਾਂ ਵਿੱਚ ਬਦਲਣਾ ਸ਼ੁਰੂ ਕਰ ਦਿੱਤਾ ਹੈ।

84. ਮਾਣਯੋਗ ਸਪੀਕਰ ਸਾਹਿਬ, ਮੌਜੂਦਾ ਸਾਲ ਦੌਰਾਨ ਹਾਸਿਲ ਹੋਈ ਰਫ਼ਤਾਰ ਨੂੰ ਬਰਕਰਾਰ ਰੱਖਦੇ ਹੋਏ, ਆਉਣ ਵਾਲਾ ਵਿੱਤੀ ਸਾਲ ਸਾਡੇ ਖੇਡ ਬੁਨਿਆਦੀ ਢਾਂਚੇ ਅਤੇ ਖਿਡਾਰੀ ਸਹਾਇਤਾ ਪ੍ਰਣਾਲੀ ਵਿੱਚ ਨਿਰਣਾਇਕ ਵਾਧੇ ਦਾ ਗਵਾਹ ਹੋਵੇਗਾ। ਸਾਡੀ ਸਰਕਾਰ ਨੇ ਰਾਜ ਭਰ ਵਿੱਚ 6,000 ਹੋਰ ਪੇਂਡੂ ਖੇਡ ਮੈਦਾਨ ਅਤੇ 5,000 ਵਾਧੂ ਇਨ-ਡੋਰ ਜਿਮ ਬਣਾਉਣ ਦਾ ਫੈਸਲਾ ਕੀਤਾ ਹੈ। ਹਰੇਕ ਮੁਕੰਮਲ ਹੋਏ ਪੇਂਡੂ ਖੇਡ ਮੈਦਾਨ ਵਿੱਚ, ਸਾਡੀ ਸਰਕਾਰ ਸਥਾਨਕ ਯੂਥ ਕਲੱਬ ਨੂੰ

ਕ੍ਰਿਕਟ, ਵਾਲੀਬਾਲ ਅਤੇ ਫੁੱਟਬਾਲ ਦੇ ਸਮਾਨ ਵਾਲੀ ਇੱਕ ਸਪੋਰਟਸ ਕਿੱਟ ਸੌਂਪੇਗੀ। ਪੇਂਡੂ ਖੇਡਾਂ ਨੂੰ ਹੁਲਾਰਾ ਦੇਣ ਦੇ ਨਾਲ-ਨਾਲ, ਉਪ-ਪਹਾੜੀ ਖੇਤਰਾਂ ਵਿੱਚ ਪੀ.ਪੀ.ਪੀ. (PPP) ਮੋਡ ਅਧੀਨ ਐਡਵੈਂਚਰ ਸਪੋਰਟਸ ਕੈਂਪ ਵਿਕਸਤ ਕੀਤੇ ਜਾਣਗੇ, ਤਾਂ ਜੋ ਪੇਸ਼ੇਵਰ ਅਤੇ ਟਿਕਾਊ ਪ੍ਰਬੰਧਨ ਨੂੰ ਯਕੀਨੀ ਬਣਾਉਂਦੇ ਹੋਏ ਐਡਵੈਂਚਰ ਖੇਡਾਂ ਦੇ ਵਿਵਸਥਿਤ ਐਕਸਪੋਜ਼ਰ ਦਾ ਵਿਸਤਾਰ ਕੀਤਾ ਜਾ ਸਕੇ।

85. ਮਾਣਯੋਗ ਸਪੀਕਰ ਸਾਹਿਬ, ਇਸ ਵਿਸਤ੍ਰਿਤ ਦ੍ਰਿਸ਼ਟੀਕੋਣ ਅਤੇ ਉੱਚ ਪੱਧਰੀ ਸੁਧਾਰਾਂ ਨੂੰ ਪ੍ਰਤੀਬਿੰਬਤ ਕਰਦੇ ਹੋਏ, ਮੈਨੂੰ ਵਿੱਤੀ ਸਾਲ 2026-27 ਲਈ 1,791 ਕਰੋੜ ਰੁਪਏ ਦੇ ਬਜਟੀ ਵੰਡ ਦੀ ਤਜਵੀਜ਼ ਪੇਸ਼ ਕਰਦਿਆਂ ਖੁਸ਼ੀ ਹੋ ਰਹੀ ਹੈ। ਇਹ ਉਪਬੰਧ ਸਿਰਫ਼ ਖੇਡ ਖਰਚੇ ਵਿੱਚ ਵਾਧਾ ਨਹੀਂ ਹੈ, ਸਗੋਂ ਪੰਜਾਬ ਵਿੱਚ ਖੇਡਾਂ ਦੇ ਵਿਕਾਸ ਨੂੰ ਸੰਸਥਾਗਤ ਰੂਪ ਦੇਣ ਲਈ ਸਪੱਸ਼ਟ ਨੀਤੀਗਤ ਵਚਨਬੱਧਤਾ ਹੈ। ਇਸ ਵਧੇ ਹੋਏ ਨਿਵੇਸ਼ ਨਾਲ, ਅਸੀਂ ਮੁੱਢਲੀ ਭਾਗੀਦਾਰੀ ਤੋਂ ਲੈ ਕੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀ ਉੱਤਮਤਾ ਤੱਕ ਪਹੁੰਚਾਉਣ ਲਈ ਯੋਜਨਾਬੱਧ ਮਾਰਗ ਤਿਆਰ ਕਰ ਰਹੇ ਹਾਂ।

## ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ

86. ਇਹ ਸਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ 350ਵਾਂ ਸਾਲ ਹੈ। ਗੁਰੂ ਸਾਹਿਬ ਜੀ ਦੀ ਮਹਾਨ ਕੁਰਬਾਨੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਾਡੀ ਸਰਕਾਰ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਤਿੰਨ ਰੋਜ਼ਾ ਵਿਸ਼ੇਸ਼ ਯਾਦਗਾਰੀ ਸਮਾਗਮ ਕਰਵਾਇਆ। ਇਸ ਦੇ ਨਾਲ ਹੀ ਨਵੰਬਰ 2025 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ

ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਇਆ ਗਿਆ, ਜਿਸ ਵਿੱਚ ਗੁਰੂ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਪੰਜਾਬ ਦੇ ਸ਼ਾਨਦਾਰ ਇਤਿਹਾਸ ਅਤੇ ਕਦਰਾਂ-ਕੀਮਤਾਂ ਨਾਲ ਜੁੜੇ ਰਹਿਣ ਦੇ ਸਾਡੇ ਸਮੂਹਿਕ ਸੰਕਲਪ ਨੂੰ ਦੁਹਰਾਇਆ ਗਿਆ।

87. ਮਾਣਯੋਗ ਸਪੀਕਰ ਸਾਹਿਬ, ਪੰਜਾਬ ਦੀ ਅਧਿਆਤਮਕ ਅਤੇ ਸਮਾਜਿਕ ਬਣਤਰ ਨੂੰ ਮਹਾਨ ਸੰਤਾਂ ਅਤੇ ਸੁਧਾਰਕਾਂ ਦੀਆਂ ਸਦੀਵੀ ਸਿੱਖਿਆਵਾਂ ਨੇ ਨਵਾਂ ਰੂਪ ਦਿੱਤਾ ਹੈ। ਇਸੇ ਭਾਵਨਾ ਦੇ ਤਹਿਤ ਸਰਕਾਰ ਨੇ ਵਿੱਤੀ ਸਾਲ 2026-27 ਦੌਰਾਨ ਸ਼੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਰਾਜ ਪੱਧਰੀ ਸਮਾਗਮ ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ।

**ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ।**

**ਛੋਟ ਬੜੇ ਸਭ ਸਮ ਬਸੈ ਰਵਿਦਾਸ ਰਹੇ ਪ੍ਰਸੰਨ।।**

88. ਸ਼੍ਰੀ ਗੁਰੂ ਰਵਿਦਾਸ ਜੀ ਨੇ ਸਮਾਨਤਾ, ਇੱਕ ਰੱਬ ਵਿੱਚ ਆਸਥਾ ਅਤੇ ਜਾਤ-ਪਾਤ ਦੇ ਵਿਤਕਰੇ ਨੂੰ ਨਕਾਰਨ ਦਾ ਸੰਦੇਸ਼ ਦਿੱਤਾ, ਜੋ ਅੱਜ ਵੀ ਲੱਖਾਂ ਲੋਕਾਂ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਦਾ 'ਬੇਗਮਪੁਰਾ' ਦਾ ਸੰਕਲਪ 'ਅਜਿਹਾ ਸਮਾਜ ਜੋ ਦੁੱਖਾਂ ਅਤੇ ਬੇਇਨਸਾਫ਼ੀ ਤੋਂ ਮੁਕਤ ਹੋਵੇ' ਅੱਜ ਦੇ ਸਮੇਂ ਵਿੱਚ ਵੀ ਉੱਨਾ ਹੀ ਸਾਰਥਕ ਹੈ। ਮੁੱਖ ਸਮਾਗਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖੁਰਾਲਗੜ੍ਹ ਵਿਖੇ ਸਥਿਤ ਗੁਰੂ ਰਵਿਦਾਸ ਮੈਮੋਰੀਅਲ ਵਿਖੇ ਕਰਵਾਉਣ ਦੀ ਤਜਵੀਜ਼ ਹੈ, ਜਿਸ ਨੂੰ ਉਨ੍ਹਾਂ ਦੇ 'ਤਪ ਅਸਥਾਨ' ਵਜੋਂ ਸਤਿਕਾਰਿਆ ਜਾਂਦਾ ਹੈ, ਜਿੱਥੋਂ ਉਨ੍ਹਾਂ ਨੇ ਸਮਾਜਿਕ ਸਦਭਾਵਨਾ ਅਤੇ ਮਨੁੱਖੀ ਸਤਿਕਾਰ ਦਾ ਸੰਦੇਸ਼ ਫੈਲਾਇਆ ਸੀ। ਇਸ ਤੋਂ ਇਲਾਵਾ, ਸਰਕਾਰ ਵੱਲੋਂ ਪੂਰੇ ਸਾਲ ਪੰਜਾਬ ਦੇ ਸਾਰੇ ਹਿੱਸਿਆਂ ਵਿੱਚ ਯਾਦਗਾਰੀ ਸਮਾਗਮ ਕਰਵਾਏ ਜਾਣਗੇ, ਜੋ ਨਾ ਸਿਰਫ਼ ਉਨ੍ਹਾਂ ਦੀ ਅਧਿਆਤਮਿਕ

ਵਿਰਾਸਤ ਦਾ ਸਤਿਕਾਰ ਕਰਨਗੇ, ਸਗੋਂ ਸਮਾਜਿਕ ਨਿਆਂ ਅਤੇ ਸਰਬਪੱਖੀ ਤਰੱਕੀ ਪ੍ਰਤੀ ਸਾਡੀ ਸਮੂਹਿਕ ਵਚਨਬੱਧਤਾ ਨੂੰ ਵੀ ਦੁਹਰਾਉਣਗੇ। ਇਸ ਮੰਤਵ ਦੀ ਪੂਰਤੀ ਲਈ ਵਿੱਤੀ ਸਾਲ 2026-27 ਵਿੱਚ 100 ਕਰੋੜ ਰੁਪਏ ਦਾ ਬਜਟ ਰਾਖਵਾਂ ਰੱਖਿਆ ਗਿਆ ਹੈ।

89. ਸਾਡੀ ਸਰਕਾਰ ਪੰਜਾਬ ਦੇ ਲੋਕਾਂ, ਖਾਸ ਤੌਰ 'ਤੇ ਬਜ਼ੁਰਗ ਨਾਗਰਿਕਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੀਆਂ ਅਧਿਆਤਮਿਕ ਇੱਛਾਵਾਂ ਨੂੰ ਪੂਰਾ ਕਰਨ ਦਾ ਦ੍ਰਿੜ ਸੰਕਲਪ ਹੈ। ਇਸ ਮੰਤਵ ਲਈ ਸਰਕਾਰ ਨੇ ਇਸ ਸਾਲ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਸ਼ੁਰੂ ਕੀਤੀ ਹੈ, ਜਿਸਦਾ ਉਦੇਸ਼ ਪ੍ਰਮੁੱਖ ਦੋ ਧਾਰਮਿਕ ਸਥਾਨਾਂ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਲਈ ਮੁਫ਼ਤ ਅਤੇ ਪੂਰੀ ਤਰ੍ਹਾਂ ਸਹਾਇਤਾ ਪ੍ਰਾਪਤ ਤੀਰਥ ਯਾਤਰਾਵਾਂ ਪ੍ਰਦਾਨ ਕਰਨਾ ਹੈ। ਵਿੱਤੀ ਸਾਲ 2026-27 ਵਿੱਚ, ਲਗਭਗ 7.15 ਲੱਖ ਨਾਗਰਿਕਾਂ ਨੂੰ ਤੀਰਥ ਯਾਤਰਾਵਾਂ ਦੀ ਸਹੂਲਤ ਪ੍ਰਦਾਨ ਕਰਨ ਲਈ 312 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

## ਸੇਵਾਵਾਂ ਦੀ ਡੋਰ-ਸਟੈੱਪ ਡਿਲੀਵਰੀ ਅਤੇ ਸੇਵਾ ਕੇਂਦਰ

90. ਪੰਜਾਬ ਨੇ ਕੇਂਦ੍ਰਿਤ ਡਿਜੀਟਲ ਸੁਧਾਰਾਂ ਰਾਹੀਂ ਲੋਕ ਸੇਵਾ ਡਿਲਿਵਰੀ ਵਿੱਚ ਮਹੱਤਵਪੂਰਨ ਤਬਦੀਲੀ ਲਿਆਂਦੀ ਹੈ, ਜਿਸਦਾ ਸਿੱਧਾ ਲਾਭ ਨਾਗਰਿਕਾਂ ਨੂੰ ਹੋਇਆ ਹੈ। ਰਾਜ ਪੈਂਡੈਂਸੀ ਡੈਸ਼ਬੋਰਡ ਨੇ ਵਿਭਾਗਾਂ ਵਿੱਚ ਰੀਅਲ-ਟਾਈਮ ਮੋਨੀਟਰਿੰਗ ਸ਼ੁਰੂ ਕੀਤੀ ਹੈ ਜਿਸ ਬਦੌਲਤ ਅਰਜ਼ੀਆਂ ਦਾ ਤੁਰੰਤ ਨਿਪਟਾਰਾ ਯਕੀਨੀ ਹੋਇਆ ਹੈ ਅਤੇ ਸਾਲ ਦੇ ਅੰਦਰ ਪੈਂਡੈਂਸੀ 14% ਤੋਂ ਘੱਟ ਕੇ 0.33% ਰਹਿ ਗਈ ਹੈ। ਆਮਦਨ, ਰਿਹਾਇਸ਼ ਅਤੇ ਜਾਤੀ ਸਰਟੀਫਿਕੇਟ ਸਮੇਤ 13 ਮੁੱਖ ਸੇਵਾਵਾਂ ਲਈ ਕਾਗਜ਼ੀ ਫਾਰਮਾਂ ਦੀ ਸ਼ਰਤ ਖ਼ਤਮ ਹੋਣ ਨਾਲ ਪੂਰੀ ਤਰ੍ਹਾਂ ਆਨਲਾਈਨ ਅਰਜ਼ੀਆਂ ਸੰਭਵ ਹੋ

ਗਈਆਂ ਅਤੇ ਦਫ਼ਤਰੀ ਚੱਕਰ ਘਟ ਗਏ। ਸਾਡੀ ਸਰਕਾਰ ਨੇ ਭਾਰਤ ਦੀ ਪਹਿਲੀ ਪੂਰੀ ਤਰ੍ਹਾਂ ਡਿਜੀਟਲ ਹੜ੍ਹ ਰਾਹਤ ਪ੍ਰਣਾਲੀ ਵੀ ਸ਼ੁਰੂ ਕੀਤੀ ਹੈ, ਜਿਸ ਨਾਲ ਤੇਜ਼ ਸਰਵੇਖਣ ਅਤੇ ਮੁਆਵਜ਼ੇ ਦਾ ਸਿੱਧਾ ਆਨਲਾਈਨ ਟ੍ਰਾਂਸਫਰ ਸੰਭਵ ਹੋਇਆ ਹੈ। ਇਸ ਨਾਲ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਬਿਨਾਂ ਕਿਸੇ ਦੇਰੀ ਜਾਂ ਵਿਚੋਲੇ ਦੇ ਸਿੱਧਾ ਮੁਆਵਜ਼ਾ ਯਕੀਨੀ ਬਣਾਇਆ ਗਿਆ ਹੈ।

91. ਸਪੀਕਰ ਸਾਹਿਬ, "ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ" ਪਹਿਲਕਦਮੀ ਨਾਗਰਿਕ-ਕੇਂਦਰਿਤ ਸ਼ਾਸਨ ਦੇ ਸ਼ਕਤੀਸ਼ਾਲੀ ਸਾਧਨ ਵਜੋਂ ਉਭਰੀ ਹੈ, ਜੋ ਸਰਕਾਰੀ ਸੇਵਾਵਾਂ ਸਿੱਧੇ ਲੋਕਾਂ ਦੇ ਘਰਾਂ ਤੱਕ ਪਹੁੰਚਾ ਰਹੀ ਹੈ। ਸਾਲ 2025 ਵਿੱਚ 43 ਸੇਵਾਵਾਂ ਤੋਂ 412 ਸੇਵਾਵਾਂ ਦੇ ਵਾਧੇ ਨਾਲ ਪੰਜਾਬ ਭਰ ਦੇ ਵਸਨੀਕ ਹੁਣ ਸਰਕਾਰੀ ਦਫ਼ਤਰਾਂ ਵਿੱਚ ਗਏ ਬਿਨਾਂ, ਜ਼ਰੂਰੀ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਤੱਕ ਰਸਾਈ ਕਰ ਸਕਦੇ ਹਨ, ਜਿਸ ਨਾਲ ਸਮਾਂ, ਲਾਗਤ ਅਤੇ ਪਰੇਸ਼ਾਨੀ ਵਿੱਚ ਕਾਫ਼ੀ ਕਮੀ ਆਈ ਹੈ। ਇਸ ਸੁਧਾਰ ਨੂੰ ਹੋਰ ਮਜ਼ਬੂਤ ਕਰਦੇ ਹੋਏ, ਸਾਰੀਆਂ 56 ਆਵਾਜਾਈ-ਸਬੰਧਤ ਸੇਵਾਵਾਂ ਨੂੰ ਸੇਵਾ ਕੇਂਦਰਾਂ ਰਾਹੀਂ ਸੁਚਾਰੂ ਬਣਾਇਆ ਗਿਆ ਹੈ, ਜਿਸ ਨਾਲ ਆਰ.ਟੀ.ਏ./ਡੀ.ਟੀ.ਓ. ਦਫ਼ਤਰਾਂ 'ਤੇ ਰਵਾਇਤੀ ਪਬਲਿਕ ਕਾਊਂਟਰਾਂ ਨੂੰ ਹਟਾ ਦਿੱਤਾ ਗਿਆ ਹੈ ਅਤੇ ਸੂਬੇ ਭਰ ਵਿੱਚ ਇੱਕ ਸਮਾਨ, ਪਾਰਦਰਸ਼ੀ ਅਤੇ ਨਾਗਰਿਕ-ਅਨੁਕੂਲ ਸੇਵਾ ਸਪੁਰਦਗੀ ਯਕੀਨੀ ਬਣਾਈ ਗਈ ਹੈ। ਇਹ ਉਪਾਅ ਸਾਂਝੇ ਤੌਰ ਤੇ ਨਾਗਰਿਕ ਸੇਵਾ ਸਪੁਰਦਗੀ ਵਿੱਚ ਪਹੁੰਚਯੋਗਤਾ, ਕੁਸ਼ਲਤਾ ਅਤੇ ਸਨਮਾਨ ਪ੍ਰਤੀ ਸਾਡੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

## ਮਾਲੀਆ ਅਤੇ ਮੁੜ-ਵਸੇਬਾ

92. ਮਾਣਯੋਗ ਸਪੀਕਰ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਦਿਆਂ, ਸਰਕਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਵਾਂ ਪ੍ਰਸ਼ਾਸਕੀ ਕੰਪਲੈਕਸ ਸਥਾਪਤ ਕਰਨ ਦਾ ਪ੍ਰਸਤਾਵ ਰੱਖਦੀ ਹੈ। ਇਸ ਕੰਪਲੈਕਸ ਦਾ ਡਿਜ਼ਾਈਨ ਵਿਰਾਸਤੀ ਆਰਕੀਟੈਕਚਰ ਸ਼ੈਲੀ ਵਿੱਚ ਤਿਆਰ ਕੀਤਾ ਜਾਵੇਗਾ ਜੋ ਇਸ ਪਵਿੱਤਰ ਸ਼ਹਿਰ ਦੀ ਅਧਿਆਤਮਿਕ ਅਤੇ ਇਤਿਹਾਸਕ ਮਹੱਤਤਾ ਨੂੰ ਦਰਸਾਏਗਾ। ਇਸ ਕੰਪਲੈਕਸ ਵਿੱਚ ਮਹੱਤਵਪੂਰਨ ਸਰਕਾਰੀ ਦਫ਼ਤਰ ਇਕੋ ਛੱਤ ਹੇਠ ਇਕੱਠੇ ਕੀਤੇ ਜਾਣਗੇ, ਜਿਸ ਨਾਲ ਪ੍ਰਸ਼ਾਸਕੀ ਕਾਰਗੁਜ਼ਾਰੀ ਹੋਰ ਸੁਚਾਰੂ ਬਣੇਗੀ, ਜਨਤਕ ਸੇਵਾਵਾਂ ਵਿੱਚ ਸੁਧਾਰ ਹੋਵੇਗਾ ਅਤੇ ਨਾਗਰਿਕਾਂ ਨੂੰ ਵਧੇਰੇ ਸਹੂਲਤ ਪ੍ਰਾਪਤ ਹੋਵੇਗੀ। ਇਸਦੇ ਨਾਲ ਹੀ ਇਹ ਪਹਿਲ ਸ੍ਰੀ ਅਨੰਦਪੁਰ ਸਾਹਿਬ ਦੇ ਰਵਾਇਤੀ ਸਰੂਪ ਅਤੇ ਪਵਿੱਤਰ ਪਛਾਣ ਦੀ ਸੰਭਾਲ ਵੀ ਯਕੀਨੀ ਬਣਾਵੇਗੀ।

93. ਸਾਡੀ ਸਰਕਾਰ ਨੇ ਜ਼ਮੀਨ ਅਤੇ ਜਾਇਦਾਦ ਨਾਲ ਸਬੰਧਤ ਸੇਵਾਵਾਂ ਨੂੰ ਪਾਰਦਰਸ਼ੀ, ਤਕਨਾਲੋਜੀ-ਅਧਾਰਿਤ ਅਤੇ ਨਾਗਰਿਕ-ਕੇਂਦਰਿਤ ਬਣਾਉਣ ਲਈ ਮਹੱਤਵਪੂਰਨ ਸੁਧਾਰ ਕੀਤੇ ਹਨ। ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸਨੇ "ਈਜ਼ੀ ਜਮਾਬੰਦੀ" ਦੀ ਪਹਿਲ ਕੀਤੀ ਹੈ, ਜਿਸ ਨਾਲ ਵਸਨੀਕ ਇੱਕ ਆਨਲਾਈਨ ਪੋਰਟਲ ਜਾਂ ਵਟਸਐਪ ਰਾਹੀਂ ਵੀ ਜ਼ਮੀਨੀ ਰਿਕਾਰਡ ਤੱਕ ਪਹੁੰਚ ਕਰ ਸਕਦੇ ਹਨ, ਇੰਤਕਾਲਾਂ ਲਈ ਅਰਜ਼ੀ ਦੇ ਸਕਦੇ ਹਨ, ਰਪਟ ਐਂਟਰੀਆਂ ਦੀ ਮੰਗ ਕਰ ਸਕਦੇ ਹਨ ਅਤੇ ਫ਼ਰਦ ਬਦਰ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ, ਜਿਸ ਵਿੱਚ ਸੇਵਾ ਸਹਾਇਕਾਂ ਵੱਲੋਂ ਘਰ ਬੈਠੇ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ। ਇਸ ਦੇ ਨਾਲ ਹੀ, "ਈਜ਼ੀ ਰਜਿਸਟ੍ਰੀ"

ਪ੍ਰਾਜੈਕਟ ਨੇ ਡੀਡ ਫਾਰਮੈਟ ਸੁਖਾਲੇ ਕੀਤੇ ਹਨ, ਜ਼ਿਲ੍ਹੇ ਵਿੱਚ ਕਿਤੇ ਵੀ ਰਜਿਸਟਰੀ ਕਰਵਾਉਣ ਦੀ ਸਹੂਲਤ ਦਿੱਤੀ ਹੈ ਅਤੇ ਨਾਗਰਿਕਾਂ ਨੂੰ ਰੀਅਲ-ਟਾਈਮ ਅਪਡੇਟ ਪ੍ਰਦਾਨ ਕਰਦਿਆਂ ਪਾਰਦਰਸ਼ਿਤਾ ਵਧਾਈ ਹੈ ਅਤੇ ਪ੍ਰਕਿਰਿਆਗਤ ਜਟਿਲਤਾ ਘਟਾਈ ਹੈ। ਈਜ਼ੀ ਰਜਿਸਟਰੀ" ਪਹਿਲਕਦਮੀ ਦੇ ਤਹਿਤ ਪੰਜਾਬ ਵਿੱਚ ਕੁੱਲ 6.17 ਲੱਖ ਰਜਿਸਟਰੀਆਂ ਸਫਲਤਾਪੂਰਵਕ ਮੁਕੰਮਲ ਕੀਤੀਆਂ ਗਈਆਂ ਹਨ, ਜੋ ਕਿ ਸਬ-ਰਜਿਸਟਰਾਰ ਦਫ਼ਤਰ ਵਿੱਚ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ ਕੀਤੇ ਗਏ ਇਸ ਵੱਡੇ ਸੁਧਾਰ ਯਤਨ ਦੀ ਵਿਆਪਕ ਪ੍ਰਵਾਨਗੀ ਦਾ ਪ੍ਰਮਾਣ ਹੈ।

94. ਸਪੀਕਰ ਸਾਹਿਬ, ਬੀਤੇ ਵਰ੍ਹੇ ਭਿਆਨਕ ਹੜ੍ਹਾਂ ਨੇ ਸਾਡੇ ਹੌਸਲੇ ਦੀ ਸਖ਼ਤ ਪ੍ਰੀਖਿਆ ਲਈ, ਪਰ ਮੈਨੂੰ ਇਹ ਕਹਿੰਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਾਡੀ ਸਰਕਾਰ ਦੀ ਕਾਰਵਾਈ ਬੜੀ ਤੀਬਰ ਅਤੇ ਵਿਉਂਤਬੱਧ ਸੀ। ਵਿੱਤੀ ਸਾਲ 2025-26 ਦੌਰਾਨ, ਸਾਡੀ ਸਰਕਾਰ ਨੇ ਵਿਆਪਕ ਤਬਾਹੀ ਤੋਂ ਰਾਹਤ ਅਤੇ ਬਚਾਅ ਕਾਰਜਾਂ ਲਈ 1,010 ਕਰੋੜ ਰੁਪਏ ਜਾਰੀ ਕੀਤੇ ਹਨ। ਇਸ ਰਾਸ਼ੀ ਰਾਹੀਂ ਫ਼ਸਲਾਂ, ਮਕਾਨਾਂ ਅਤੇ ਪਸ਼ੂਧਨ ਦੇ ਜਾਨੀ ਨੁਕਸਾਨ ਲਈ ਸਿੱਧਾ ਮੁਆਵਜ਼ਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ 'ਸਟੇਟ ਮਿਟੀਗੇਸ਼ਨ ਫੰਡ' ਅਧੀਨ ਅਹਿਮ ਨਿਵੇਸ਼ ਕੀਤੇ ਗਏ ਹਨ। ਸਾਡੀ ਇਸ ਕਾਰਵਾਈ ਨੂੰ ਜੋ ਪਹਿਲੂ ਸਭ ਤੋਂ ਵਿਲੱਖਣ ਬਣਾਉਂਦਾ ਹੈ, ਉਹ ਹੈ ਭਾਰਤ ਦੇ ਪਹਿਲੇ ਅਤੇ ਮੁਕੰਮਲ ਤੌਰ 'ਤੇ 'ਡਿਜੀਟਲ ਫਲੱਡ ਰਿਲੀਫ ਸਿਸਟਮ' ਦਾ ਆਗਾਜ਼ ਕਰਨਾ। ਪੁਰਾਣੇ ਕਾਗਜ਼ੀ ਅਤੇ ਦਸਤੀ ਕੰਮਾਂ ਨੂੰ ਛੱਡ ਕੇ, ਅਸੀਂ ਜੀਓ-ਟੈਗਡ ਸਰਵੇਖਣਾਂ ਅਤੇ ਰੀਅਲ-ਟਾਈਮ ਮੋਨੀਟਰਿੰਗ ਦਾ ਨਵਾਂ ਦੌਰ ਸ਼ੁਰੂ ਕੀਤਾ ਹੈ। ਇਸ ਨਾਲ ਅਸੀਂ 'ਵਿਚੋਲਿਆਂ' ਦਾ ਮੁਕੰਮਲ ਖ਼ਾਤਮਾ ਕਰ ਦਿੱਤਾ ਹੈ ਅਤੇ ਮੁਆਵਜ਼ੇ ਦੀ ਗੁੰਝਲਦਾਰ ਪ੍ਰਕਿਰਿਆ ਨੂੰ ਬੇਹੱਦ ਤੇਜ਼ ਕਰ ਦਿੱਤਾ ਹੈ। ਇਹ ਪਲੇਟਫਾਰਮ ਯਕੀਨੀ ਬਣਾਉਂਦਾ ਹੈ ਕਿ ਮੁਆਵਜ਼ੇ ਦਾ ਇੱਕ-ਇੱਕ ਰੁਪਇਆ ਸਿੱਧਾ ਆਨਲਾਈਨ

ਟ੍ਰਾਂਸਫਰ ਰਾਹੀਂ ਅਸਲ ਹੱਕਦਾਰ ਤੱਕ ਪਹੁੰਚੇ। ਹਜ਼ਾਰਾਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਬਿਨਾਂ ਕਿਸੇ ਦੇਰੀ, ਵਿਚੋਲਗੀ ਅਤੇ ਪੂਰੀ ਪਾਰਦਰਸ਼ਤਾ ਨਾਲ ਸਹਾਇਤਾ ਮਿਲੀ ਹੈ, ਜਿਸ ਦੇ ਉਹ ਹੱਕਦਾਰ ਸਨ। ਜਿੱਥੇ ਪਹਿਲਾਂ ਮੁਆਵਜ਼ਾ ਮਿਲਣ ਵਿੱਚ 6 ਮਹੀਨੇ ਤੋਂ ਲੈ ਕੇ ਸਾਲ ਭਰ ਦਾ ਸਮਾਂ ਲੱਗ ਜਾਂਦਾ ਸੀ, ਉੱਥੇ ਹੀ ਸਾਡੀ ਸਰਕਾਰ ਨੇ ਹੜ੍ਹਾਂ ਤੋਂ ਕੁਝ ਮਹੀਨਿਆਂ ਦੇ ਅੰਦਰ-ਅੰਦਰ ਲਗਭਗ ਸਾਰੇ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਰਾਸ਼ੀ ਪਹੁੰਚਾ ਦਿੱਤੀ ਹੈ।

95. ਪ੍ਰਸ਼ਾਸਨਿਕ ਕਾਰਜਕੁਸ਼ਲਤਾ ਨੂੰ ਮਜ਼ਬੂਤ ਕਰਨ ਲਈ ਨਵੀਆਂ ਸਬ-ਡਿਵੀਜ਼ਨਾਂ ਅਤੇ ਸਬ-ਤਹਿਸੀਲਾਂ ਬਣਾਈਆਂ ਅਤੇ ਨਵੀਨੀਕਰਨ ਕੀਤਾ ਗਿਆ ਹੈ। ਵੱਖ-ਵੱਖ ਜ਼ਿਲ੍ਹਿਆਂ ਵਿੱਚ ਨਵੇਂ ਐੱਸ.ਡੀ.ਐੱਮ ਅਤੇ ਤਹਿਸੀਲ ਕੰਪਲੈਕਸਾਂ ਨੂੰ ਕਾਰਜਸ਼ੀਲ ਕਰਕੇ, ਸ਼ਾਸਨ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਹੈ ਜੋ ਲੋਕਾਂ ਪ੍ਰਤੀ ਜਵਾਬਦੇਹ ਹੋਵੇ ਅਤੇ ਜਿਸ ਤੱਕ ਪਹੁੰਚਣਾ ਆਸਾਨ ਹੋਵੇ।

## ਗ੍ਰਹਿ ਮਾਮਲੇ, ਨਿਆਂ ਅਤੇ ਜੇਲ੍ਹਾਂ

96. ਮਾਣਯੋਗ ਸਪੀਕਰ ਸਾਹਿਬ, ਅੰਦਰੂਨੀ ਸੁਰੱਖਿਆ ਉਹ ਨੀਂਹ ਹੈ ਜਿਸ 'ਤੇ ਹਰ ਸੁਧਾਰ ਟਿਕਿਆ ਹੁੰਦਾ ਹੈ। ਜਿੱਥੇ ਕਾਨੂੰਨ ਅਤੇ ਵਿਵਸਥਾ ਅਨਿਸ਼ਚਿਤ ਹੋਵੇ, ਉੱਥੇ ਵਿਕਾਸ ਜੜ੍ਹ ਨਹੀਂ ਫੜ੍ਹ ਸਕਦਾ। ਪਿਛਲੇ ਚਾਰ ਸਾਲਾਂ ਵਿੱਚ ਇਸ ਸਰਕਾਰ ਨੇ ਰੀਐਕਟਿਵ ਪੁਲਿਸਿੰਗ ਤੋਂ ਅੱਗੇ ਵਧ ਕੇ ਸੰਗਠਿਤ ਅਤੇ ਖੁਫ਼ੀਆ ਜਾਣਕਾਰੀ 'ਤੇ ਅਧਾਰਿਤ ਸੁਰੱਖਿਆ ਢਾਂਚੇ ਵੱਲ ਕਦਮ ਵਧਾਇਆ ਹੈ, ਜਿਸਦਾ ਉਦੇਸ਼ ਸਿਰਫ਼ ਅਪਰਾਧਾਂ ਦਾ ਜਵਾਬ ਦੇਣਾ ਨਹੀਂ ਬਲਕਿ ਸੰਗਠਿਤ ਅਪਰਾਧਕ ਨੈੱਟਵਰਕਾਂ ਨੂੰ ਜੜ੍ਹੋਂ ਖ਼ਤਮ ਕਰਨਾ ਹੈ। ਮੈਂ ਵਿੱਤੀ ਸਾਲ 2026-27 ਵਿੱਚ ਗ੍ਰਹਿ ਮਾਮਲੇ, ਨਿਆਂ ਅਤੇ ਜੇਲ੍ਹਾਂ ਵਿਭਾਗ ਲਈ 11,577 ਕਰੋੜ ਰੁਪਏ ਦੇ ਵੰਡ ਦੀ ਤਜਵੀਜ਼ ਰੱਖਦਾ ਹਾਂ, ਜੋ ਸੰਸਥਾਗਤ

ਸਮਰੱਥਾ, ਤਕਨੀਕੀ ਮੁਹਾਰਤ ਅਤੇ ਕਾਰਗੁਜ਼ਾਰੀ ਲਈ ਤਿਆਰੀ ਨੂੰ ਮਜ਼ਬੂਤ ਕਰਨ ਲਈ ਸਾਡੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ।

97. ਪੰਜਾਬ ਦੀ 553 ਕਿਲੋਮੀਟਰ ਲੰਬੀ ਅੰਤਰਰਾਸ਼ਟਰੀ ਸਰਹੱਦ 'ਤੇ ਨਿਰੰਤਰ ਚੌਕਸੀ ਦੀ ਲੋੜ ਹੈ। ਸਰਹੱਦੀ ਜ਼ਿਲ੍ਹਿਆਂ ਵਿੱਚ 636 ਰਣਨੀਤਕ ਸਥਾਨਾਂ 'ਤੇ 2,367 ਸੀ.ਸੀ.ਟੀ.ਵੀ. ਕੈਮਰੇ ਲਗਾ ਕੇ ਸੁਰੱਖਿਆ ਦੀ ਦੂਜੀ ਲਾਈਨ ਸਥਾਪਿਤ ਕਰਨਾ, ਤਕਨਾਲੋਜੀ-ਅਧਾਰਿਤ ਨਿਗਰਾਨੀ ਵੱਲ ਨਿਰਣਾਇਕ ਬਦਲਾਅ ਨੂੰ ਦਰਸਾਉਂਦਾ ਹੈ। 1,719 ਕੈਮਰੇ ਪਹਿਲਾਂ ਹੀ ਲਗਾਏ ਜਾ ਚੁੱਕੇ ਹਨ ਅਤੇ ਸਬੰਧਤ ਥਾਣਿਆਂ ਵਿੱਚ ਕੰਟਰੋਲ ਰੂਮ ਕਾਰਜਸ਼ੀਲ ਹੋ ਗਏ ਹਨ, ਜਿਸ ਨਾਲ ਚੌਵੀ ਘੰਟੇ ਨਿਗਰਾਨੀ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਦੇ ਯਤਨਾਂ ਨੂੰ ਕਾਫ਼ੀ ਮਜ਼ਬੂਤ ਕੀਤਾ ਹੈ।

98. ਐਮਰਜੈਂਸੀ ਰਿਸਪਾਂਸ ਸਪੋਰਟ ਸਿਸਟਮ (ERSS)-ਡਾਇਲ 112 ਨੇ ਨਾਗਰਿਕ ਸਹਾਇਤਾ ਲਈ ਇੱਕ ਅਹਿਮ ਪਲੇਟਫਾਰਮ ਵਜੋਂ ਆਪਣੀ ਭੂਮਿਕਾ ਨੂੰ ਮਜ਼ਬੂਤ ਕੀਤਾ ਹੈ, ਜਿਸ ਨੇ ਆਪਣੀ ਸ਼ੁਰੂਆਤ ਤੋਂ ਹੁਣ ਤੱਕ 2.62 ਕਰੋੜ ਤੋਂ ਵੱਧ ਕਾਲਾਂ ਦਾ ਨਿਪਟਾਰਾ ਕੀਤਾ ਹੈ। ਸੜਕ ਸੁਰੱਖਿਆ ਫੋਰਸ (SSF) ਨੇ ਨਿਰਧਾਰਤ ਹਾਈਵੇਅ ਹਿੱਸਿਆਂ 'ਤੇ ਐਮਰਜੈਂਸੀ ਰਿਸਪਾਂਸ ਸਮੇਂ ਨੂੰ ਘਟਾ ਕੇ 6-7 ਮਿੰਟ ਕਰਕੇ ਜਨਤਕ ਸੁਰੱਖਿਆ ਨੂੰ ਹੋਰ ਵਧਾਇਆ ਹੈ, ਜਿਸ ਨਾਲ ਰਾਜ ਭਰ ਵਿੱਚ ਸੜਕ ਸੁਰੱਖਿਆ ਵਿੱਚ ਸਪਸ਼ਟ ਸੁਧਾਰ ਹੋਏ ਹਨ ਅਤੇ ਸੜਕ ਹਾਦਸਿਆਂ ਵਿਚ ਹੋਣ ਵਾਲੀਆਂ ਮੌਤਾਂ ਦੀ ਦਰ ਘਟੀ ਹੈ। ਚਾਲੂ ਸਾਲ ਦੌਰਾਨ, ਡਾਇਲ-112 ਦੇ ਤਹਿਤ ਸਹਾਇਤਾ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਲਈ 508 ਚਾਰ ਪਹੀਆ ਵਾਹਨ ਖਰੀਦੇ ਜਾ ਰਹੇ ਹਨ।

99. ਮਾਣਯੋਗ ਸਪੀਕਰ ਸਾਹਿਬ, ਸਰਕਾਰ ਬਿਹਤਰ ਸੁਰੱਖਿਆ ਅਤੇ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ ਰਾਹੀਂ ਜੇਲ੍ਹ ਪ੍ਰਸ਼ਾਸਨ ਨੂੰ ਵੀ ਮਜ਼ਬੂਤ ਕਰ ਰਹੀ ਹੈ। ਪ੍ਰਮੁੱਖ ਅਤੇ ਸੰਵੇਦਨਸ਼ੀਲ ਜੇਲ੍ਹਾਂ ਵਿੱਚ ਅਣਅਧਿਕਾਰਤ ਸੰਚਾਰ ਨੂੰ ਰੋਕਣ ਲਈ ਉੱਨਤ 'ਵੀ-ਕਵਚ 2.0' ਜੈਮਰ ਸਿਸਟਮ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ, ਨਿਗਰਾਨੀ ਅਤੇ ਅੰਦਰੂਨੀ ਸੁਰੱਖਿਆ ਵਿੱਚ ਸੁਧਾਰ ਕਰਨ ਲਈ AI-ਅਧਾਰਿਤ ਸੀ.ਸੀ.ਟੀ.ਵੀ. ਨਿਗਰਾਨੀ ਦਾ ਵੀ ਵਿਸਥਾਰ ਕੀਤਾ ਜਾ ਰਿਹਾ ਹੈ।

100. ਵਿੱਤੀ ਸਾਲ 2026-27 ਵਿੱਚ ਵੱਖ-ਵੱਖ ਪਹਿਲਾਂ ਨੂੰ ਨੇਪਰੇ ਚਾੜ੍ਹਨ ਲਈ 535 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਹੈ, ਜਿਸ ਵਿੱਚ ਸੁਰੱਖਿਆ ਦੇ ਆਧੁਨਿਕੀਕਰਨ, ਬੁਨਿਆਦੀ ਢਾਂਚੇ ਦੀ ਮਜ਼ਬੂਤੀ ਅਤੇ ਸਮਰੱਥਾ ਵਿੱਚ ਵਾਧਾ ਕਰਨਾ ਸ਼ਾਮਲ ਹੈ।

# ਬੁਨਿਆਦੀ ਢਾਂਚਾ

## ਸੜਕਾਂ ਅਤੇ ਪੁਲ

101. ਸਾਡੀ ਸਰਕਾਰ ਨਾ ਸਿਰਫ਼ ਸੂਬੇ ਭਰ ਵਿੱਚ ਸੜਕ ਅਤੇ ਪੁਲਾਂ ਦੇ ਬੁਨਿਆਦੀ ਢਾਂਚੇ ਦੇ ਵਿਸਥਾਰ ਲਈ, ਸਗੋਂ ਮੌਜੂਦਾ ਸੰਪਤੀਆਂ ਦੇ ਯੋਜਨਾਬੱਧ ਰੱਖ-ਰਖਾਅ ਨੂੰ ਯਕੀਨੀ ਬਣਾਉਣ ਲਈ ਵੀ ਦ੍ਰਿੜ੍ਹਤਾ ਨਾਲ ਵਚਨਬੱਧ ਹੈ। ਵਿੱਤੀ ਸਾਲ 2026-27 ਲਈ ਸੜਕਾਂ, ਪੁਲਾਂ ਅਤੇ ਜਨਤਕ ਇਮਾਰਤਾਂ ਦੀ ਉਸਾਰੀ, ਨਵੀਨੀਕਰਨ ਅਤੇ ਰੱਖ-ਰਖਾਅ ਲਈ ਬਜਟ ਨੂੰ 5,440 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜੋ ਵਿੱਤੀ ਸਾਲ 2025-26 (ਬਜਟ ਅਨੁਮਾਨ) ਨਾਲੋਂ ਦੁੱਗਣਾ ਹੈ। ਇਹ ਸਾਡੀ ਸਰਕਾਰ ਵੱਲੋਂ ਮਜ਼ਬੂਤ ਅਤੇ ਬਿਹਤਰ ਬੁਨਿਆਦੀ ਢਾਂਚੇ ਨੂੰ ਦਿੱਤੀ ਜਾ ਰਹੀ ਤਰਜੀਹ ਨੂੰ ਮੁੜ ਦੁਹਰਾਉਂਦਾ ਹੈ।

102. ਰਾਜ ਭਰ ਵਿੱਚ 2,570 ਕਿਲੋਮੀਟਰ ਲੰਬੀਆਂ ਪਲਾਨ ਸੜਕਾਂ ਦੇ ਅਪਗ੍ਰੇਡੇਸ਼ਨ ਅਤੇ ਸੰਪਰਕ (ਕਨੈਕਟੀਵਿਟੀ) ਵਿੱਚ ਸੁਧਾਰ ਲਈ ਵਿੱਤੀ ਸਾਲ 2026-27 ਵਿੱਚ 1500 ਕਰੋੜ ਰੁਪਏ ਦੇ ਸ਼ੁਰੂਆਤੀ ਖਰਚੇ ਦੀ ਤਜਵੀਜ਼ ਹੈ, ਜੋ ਜ਼ਿਲ੍ਹੇ ਦੇ ਅੰਦਰੂਨੀ ਅਤੇ ਅੰਤਰ-ਜ਼ਿਲ੍ਹਾ ਸੜਕੀ ਨੈਟਵਰਕ ਨੂੰ ਹੋਰ ਮਜ਼ਬੂਤ ਕਰੇਗਾ। ਇਸ ਤੋਂ ਇਲਾਵਾ, ਚੱਲ ਰਹੇ 31 ਪੁਲਾਂ ਨੂੰ ਮੁਕੰਮਲ ਕਰਨ ਅਤੇ ਨਵੇਂ ਪੁਲਾਂ ਦੇ ਨਿਰਮਾਣ ਕਾਰਜਾਂ ਲਈ 130 ਕਰੋੜ ਰੁਪਏ ਰਾਖਵੇਂ ਰੱਖੇ ਜਾ ਰਹੇ ਹਨ।

103. ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ (PMGSY-III) ਦੇ ਤਹਿਤ ਵਿੱਤੀ ਸਾਲ 2025-26 ਦੌਰਾਨ ਲਗਭਗ 500 ਕਿਲੋਮੀਟਰ ਪੇਂਡੂ ਸੜਕਾਂ ਦੇ 290 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਨਾਲ ਮੁਕੰਮਲ ਹੋਣ ਦੀ ਉਮੀਦ ਹੈ। ਇਸ ਤੋਂ ਇਲਾਵਾ, ਵਿੱਤੀ ਸਾਲ 2026-27 ਵਿੱਚ, ਇਸ ਸਕੀਮ ਅਧੀਨ 400 ਕਰੋੜ ਰੁਪਏ ਦੇ ਅੰਦਾਜ਼ਨ ਖਰਚੇ ਨਾਲ 400 ਕਿਲੋਮੀਟਰ ਸੜਕਾਂ ਨੂੰ ਅਪਗ੍ਰੇਡ ਕਰਨ ਦੀ ਤਜਵੀਜ਼ ਹੈ। ਨਾਲ ਹੀ, ਕੇਂਦਰੀ ਸੜਕ ਅਤੇ ਬੁਨਿਆਦੀ ਢਾਂਚਾ ਫੰਡ (CRIF) ਦੇ ਤਹਿਤ 100 ਕਿਲੋਮੀਟਰ ਸੜਕਾਂ ਦੇ ਅਪਗ੍ਰੇਡੇਸ਼ਨ ਅਤੇ 06 ਰੇਲਵੇ ਅੰਡਰ ਬ੍ਰਿਜਾਂ/ਓਵਰ ਬ੍ਰਿਜਾਂ ਦੇ ਨਿਰਮਾਣ ਲਈ 300 ਕਰੋੜ ਰੁਪਏ ਦੀ ਰਾਸ਼ੀ ਪ੍ਰਸਤਾਵਿਤ ਹੈ, ਜਿਸ ਨਾਲ ਰਾਜ ਭਰ ਵਿੱਚ ਸੜਕੀ ਸੰਪਰਕ ਅਤੇ ਸੁਰੱਖਿਆ ਨੂੰ ਮਜ਼ਬੂਤੀ ਮਿਲੇਗੀ।

## ਜਲ ਸਪਲਾਈ ਅਤੇ ਸੈਨੀਟੇਸ਼ਨ

104. ਸਾਫ਼ ਪੀਣ ਵਾਲੇ ਪਾਣੀ ਦੀ ਪਹੁੰਚ ਅਤੇ ਬਿਹਤਰ ਸਵੱਛਤਾ ਨੂੰ ਯਕੀਨੀ ਬਣਾਉਣਾ ਸਾਡੀ ਸਰਕਾਰ ਦੀ ਮੁੱਖ ਤਰਜੀਹ ਰਹੀ ਹੈ। ਵਿੱਤੀ ਸਾਲ 2026–27 ਵਿੱਚ 1,230 ਗੁਣਵੱਤਾ-ਪ੍ਰਭਾਵਿਤ ਅਤੇ ਪਾਣੀ ਦੀ ਕਿੱਲਤ ਵਾਲੇ ਪਿੰਡਾਂ ਨੂੰ ਸੁਰੱਖਿਅਤ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ

11 ਪ੍ਰਮੁੱਖ ਸਤਹੀ ਜਲ ਪ੍ਰਾਜੈਕਟਾਂ ਨੂੰ ਮੁਕੰਮਲ ਅਤੇ ਚਾਲੂ ਕਰਨ 'ਤੇ ਜ਼ੋਰ ਦਿੱਤਾ ਜਾਵੇਗਾ। 125 ਬਸਤੀਆਂ ਵਿੱਚ ਪੀਣ ਵਾਲੇ ਪਾਣੀ ਦੇ ਸੁਧਾਰ ਦੇ ਕਾਰਜ ਕੀਤੇ ਜਾਣਗੇ, ਨਾਲ ਹੀ 88 ਯੂਰੇਨੀਅਮ-ਪ੍ਰਭਾਵਿਤ ਖੇਤਰਾਂ ਵਿੱਚ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਇਹਨਾਂ ਪਹਿਲਕਦਮੀਆਂ ਨੂੰ ਅੱਗੇ ਵਧਾਉਣ ਲਈ ਮੈਂ ਵੱਖ-ਵੱਖ ਪਾਣੀ ਅਤੇ ਸਫਾਈ ਪ੍ਰੋਗਰਾਮਾਂ ਅਧੀਨ 1,487 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਰੱਖਦਾ ਹਾਂ। ਇਸ ਦੇ ਨਾਲ ਹੀ ਭਾਈਚਾਰਕ ਪੱਧਰ 'ਤੇ ਪਾਣੀ ਦੀਆਂ ਸਪਲਾਈ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ 'ਨਲ ਜਲ ਮਿੱਤਰ' ਮੁਹਿੰਮ ਦੀ ਸ਼ੁਰੂਆਤ ਕੀਤੀ ਜਾਵੇਗੀ ਜਿਸ ਤਹਿਤ ਹਰ ਗ੍ਰਾਮ ਪੰਚਾਇਤ ਵਿੱਚ ਇੱਕ ਵਿਅਕਤੀ ਨੂੰ ਸਿਖਲਾਈ ਦਿੱਤੀ ਜਾਵੇਗੀ।

## ਜਲ ਸਰੋਤ

105. ਮਾਣਯੋਗ ਸਪੀਕਰ ਸਾਹਿਬ, ਕਿਸਾਨਾਂ ਪ੍ਰਤੀ ਸਾਡੀ ਵਚਨਬੱਧਤਾ ਦੀ ਸਭ ਤੋਂ ਉੱਤਮ ਝਲਕ ਸਾਡੇ ਮੁੜ ਸੁਰਜੀਤ ਕੀਤੇ ਨਹਿਰੀ ਨੈੱਟਵਰਕ ਦੇ ਵਗਦੇ ਪਾਣੀਆਂ ਵਿੱਚ ਦੇਖਣ ਨੂੰ ਮਿਲਦੀ ਹੈ। ਮਹਿਜ਼ ਤਿੰਨ ਸਾਲਾਂ ਵਿੱਚ ਅਸੀਂ ਆਪਣੀ ਨਹਿਰੀ ਸਿੰਚਾਈ ਸਮਰੱਥਾ ਨੂੰ ਦੁੱਗਣਾ ਕਰਕੇ ਇਤਿਹਾਸਕ ਮੀਲ ਪੱਥਰ ਸਥਾਪਿਤ ਕੀਤਾ ਹੈ। ਨਹਿਰਾਂ ਅਤੇ ਖਾਲਾਂ ਦੇ ਵੱਡੇ ਪੱਧਰ 'ਤੇ ਨਵੀਨੀਕਰਨ ਰਾਹੀਂ, ਅਸੀਂ ਆਪਣੀ ਪਹੁੰਚ ਨੂੰ 2022 ਵਿੱਚ 2.23 ਮਿਲੀਅਨ ਏਕੜ ਤੋਂ ਵਧਾ ਕੇ ਅਪ੍ਰੈਲ 2026 ਤੱਕ 5.3 ਮਿਲੀਅਨ ਏਕੜ ਤੱਕ ਪਹੁੰਚਾ ਦੇਵਾਂਗੇ।

106. ਇਹ ਕੇਵਲ ਰਕਬੇ ਦਾ ਪਸਾਰ ਨਹੀਂ, ਸਗੋਂ ਸਾਧਨਾਂ ਦੀ ਸੁਚੱਜੀ ਵਰਤੋਂ ਹੈ। ਵਿਵਸਥਿਤ ਸਫ਼ਾਈ, ਲਾਈਨਿੰਗ ਅਤੇ ਨਵੀਨੀਕਰਨ ਸਦਕਾ ਸਾਡੇ ਨਹਿਰੀ ਪਾਣੀ ਦੀ ਵਰਤੋਂ ਵਧ ਕੇ 6.6 MAF ਤੱਕ ਪਹੁੰਚ ਗਈ ਹੈ, ਇਹ 13 ਫ਼ੀਸਦੀ ਦਾ ਵੱਡਾ ਉਛਾਲ ਸਾਡੇ ਖੇਤੀਬਾੜੀ ਦੇ ਭਵਿੱਖ

ਨੂੰ ਸੁਰੱਖਿਅਤ ਕਰਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਦਹਾਕਿਆਂ ਦੀ ਅਣਗਹਿਲੀ ਨੂੰ ਦੂਰ ਕਰ ਦਿੱਤਾ ਹੈ। ਅੱਜ, ਨਹਿਰੀ ਪਾਣੀ ਪਹਿਲੀ ਵਾਰ 1,365 ਟਿਕਾਣਿਆਂ 'ਤੇ ਪਹੁੰਚਿਆ ਹੈ, ਜਿਸ ਨਾਲ ਉਨ੍ਹਾਂ ਪਿੰਡਾਂ ਵਿੱਚ ਮੁੜ ਜਾਨ ਪੈ ਗਈ ਹੈ ਜੋ 20 ਤੋਂ 50 ਸਾਲਾਂ ਤੋਂ ਪਾਣੀ ਨੂੰ ਤਰਸ ਰਹੇ ਸਨ। ਕੰਕਰੀਟ ਲਾਈਨਿੰਗ, ਨਵੀਆਂ ਪਾਈਪਲਾਈਨਾਂ ਅਤੇ ਮੁਰੰਮਤ ਕੀਤੇ ਮਾਈਨਰਾਂ ਰਾਹੀਂ, ਅਸੀਂ ਇਹ ਯਕੀਨੀ ਬਣਾਇਆ ਹੈ ਕਿ ਪਾਣੀ ਹੁਣ ਕੁਝ ਚੋਣਵੇਂ ਲੋਕਾਂ ਦਾ ਵਿਸ਼ੇਸ਼ ਅਧਿਕਾਰ ਨਹੀਂ, ਸਗੋਂ ਹਰ ਟੇਲ (ਅੰਤਿਮ ਸਿਰੇ) ਤੱਕ ਪਹੁੰਚਣ ਵਾਲਾ ਹੱਕ ਹੈ।

107. ਸਾਲ 2025 ਵਿੱਚ ਆਏ ਹੜ੍ਹਾਂ ਤੋਂ ਬਾਅਦ, ਸੂਬੇ ਦੇ ਸਾਰੇ ਪ੍ਰਮੁੱਖ ਦਰਿਆਵਾਂ ਦਾ ਵਿਆਪਕ ਮੁਲਾਂਕਣ ਕੀਤਾ ਗਿਆ। ਇਸ ਵਿਗਿਆਨਕ ਮੁਲਾਂਕਣ ਦੇ ਆਧਾਰ 'ਤੇ 371 ਹੜ੍ਹ ਸੁਰੱਖਿਆ ਅਤੇ ਰੋਕਥਾਮ ਕਾਰਜਾਂ ਦੀ ਪਛਾਣ ਕੀਤੀ ਗਈ ਸੀ, ਜਿਨ੍ਹਾਂ ਦੀ ਲਾਗਤ 1,500 ਕਰੋੜ ਰੁਪਏ ਤੋਂ ਵੱਧ ਹੈ। ਇਹਨਾਂ ਵਿੱਚੋਂ 489 ਕਰੋੜ ਰੁਪਏ ਦੀ ਲਾਗਤ ਵਾਲੇ 142 ਕਾਰਜਾਂ ਨੂੰ 31 ਮਾਰਚ, 2026 ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਹੈ ਅਤੇ ਬਾਕੀ ਰਹਿੰਦੇ ਕਾਰਜ ਵਿੱਤੀ ਸਾਲ 2026-27 ਵਿੱਚ ਕੀਤੇ ਜਾਣਗੇ। ਇਹਨਾਂ ਹੜ੍ਹਾਂ ਤੋਂ ਸਬਕ ਲੈਂਦਿਆਂ ਦਰਿਆਵਾਂ ਦੀ ਕੁਦਰਤੀ ਵਹਾਅ ਸਮਰੱਥਾ ਨੂੰ ਬਹਾਲ ਕਰਨ ਅਤੇ ਪੰਜਾਬ ਭਰ ਵਿੱਚ ਦੀਰਘਕਾਲੀ ਹੜ੍ਹ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਸੰਗਠਿਤ, ਪਾਰਦਰਸ਼ੀ ਅਤੇ ਵਾਤਾਵਰਣ ਪੱਖੋਂ ਜ਼ਿੰਮੇਵਾਰ ਦਰਿਆਵਾਂ ਵਿੱਚੋਂ ਗਾਰ ਕੱਢਣ ਦਾ ਪ੍ਰੋਗਰਾਮ ਵੀ ਸ਼ੁਰੂ ਕੀਤਾ ਗਿਆ ਹੈ।

108. ਸਰਕਾਰ ਨੇ ਮੌਜੂਦਾ ਸਾਲ ਦੌਰਾਨ 65 ਕਰੋੜ ਰੁਪਏ ਦੀ ਲਾਗਤ ਨਾਲ ਹੜ੍ਹ ਸੁਰੱਖਿਆ ਅਤੇ ਡਰੇਨਾਂ ਦੀ ਸਫਾਈ ਦੇ ਕਾਰਜ ਕੀਤੇ ਹਨ। ਵੱਖ-ਵੱਖ ਜ਼ਿਲ੍ਹਿਆਂ ਵਿੱਚ ਲਗਭਗ 3,000

ਕਿਲੋਮੀਟਰ ਡਰੇਨਾਂ ਦੀ ਸਫਾਈ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ, ਜਿਸ ਨਾਲ ਨਿਕਾਸੀ ਸਮਰੱਥਾ ਵਿੱਚ ਮਹੱਤਵਪੂਰਨ ਸੁਧਾਰ ਹੋਇਆ ਹੈ। ਜ਼ਿਕਰਯੋਗ ਹੈ ਕਿ ਇਹਨਾਂ ਕੰਮਾਂ ਨੂੰ ਵਿਭਾਗੀ ਮਸ਼ੀਨਰੀ ਰਾਹੀਂ ਕਰਵਾ ਕੇ ਲਗਭਗ 60 ਫੀਸਦੀ ਬਚਤ ਕੀਤੀ ਗਈ ਹੈ, ਜਿਸ ਨਾਲ ਕਾਰਜ ਕੁਸ਼ਲਤਾ ਅਤੇ ਜਨਤਕ ਫੰਡਾਂ ਦੀ ਸੁਚੱਜੀ ਵਰਤੋਂ ਯਕੀਨੀ ਬਣਾਈ ਗਈ ਹੈ।

109. ਮੌਜੂਦਾ ਵਿੱਤੀ ਸਾਲ ਦੌਰਾਨ ਨਹਿਰਾਂ ਦੇ ਪੁਨਰਵਾਸ ਅਤੇ ਲਾਈਨਿੰਗ ਲਈ ਵਿਆਪਕ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ। ਇਹਨਾਂ ਕੰਮਾਂ ਨੂੰ ਨੇਪਰੇ ਚਾੜ੍ਹਨ ਦੀ ਪ੍ਰਕਿਰਿਆ ਕਈ ਥਾਵਾਂ 'ਤੇ ਪਹਿਲਾਂ ਹੀ ਕਾਰਜਸ਼ੀਲ ਹੈ, ਜਿਸਦਾ ਉਦੇਸ਼ ਵਾਧੂ 4 ਲੱਖ ਹੈਕਟੇਅਰ ਰਕਬੇ ਨੂੰ ਬਿਹਤਰ ਸਿੰਚਾਈ ਕਵਰੇਜ ਵਿੱਚ ਲਿਆਉਣਾ ਹੈ। ਇਨ੍ਹਾਂ ਕਾਰਜਾਂ ਨੂੰ ਮੁਕੰਮਲ ਕਰਨ ਲਈ ਹੁਣ ਤੱਕ 1153 ਕਰੋੜ ਰੁਪਏ ਦੀ ਰਾਸ਼ੀ ਖਰਚ ਕੀਤੀ ਜਾ ਚੁੱਕੀ ਹੈ।

110. ਇਸ ਤੋਂ ਇਲਾਵਾ, ਸਰਕਾਰ ਨੇ ਫਿਰੋਜ਼ਪੁਰ ਫੀਡਰ ਨੂੰ ਮਜ਼ਬੂਤ ਕਰਨ ਦਾ ਕੰਮ ਸ਼ੁਰੂ ਕੀਤਾ ਹੈ, ਜੋ ਕਿ 1952-53 ਵਿੱਚ ਬਣਾਇਆ ਗਿਆ ਇੱਕ ਪ੍ਰਮੁੱਖ ਨਹਿਰੀ ਸਿਸਟਮ ਹੈ। ਇਹ ਫਿਰੋਜ਼ਪੁਰ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ ਅਤੇ ਫਰੀਦਕੋਟ ਜ਼ਿਲ੍ਹਿਆਂ ਦੀ ਸੇਵਾ ਕਰਦਾ ਹੈ ਅਤੇ 1,000 ਤੋਂ ਵੱਧ ਪਿੰਡਾਂ ਨੂੰ ਲਾਭ ਪਹੁੰਚਾਉਂਦਾ ਹੈ। ਪਾਣੀ ਦੀ ਉਪਲਬਧਤਾ ਵਿੱਚ ਸੁਧਾਰ ਕਰਨ ਲਈ, ਇਸ ਪ੍ਰੋਜੈਕਟ ਦਾ ਉਦੇਸ਼ ਫੀਡਰ ਦੀ ਸਮਰੱਥਾ ਨੂੰ 2,600 ਕਿਊਸਿਕ ਵਧਾ ਕੇ 13,845 ਕਿਊਸਿਕ ਕਰਨਾ ਹੈ। ਵਿੱਤੀ ਸਾਲ 2025-26 ਦੌਰਾਨ 195 ਕਰੋੜ ਰੁਪਏ ਦੀ ਲਾਗਤ ਨਾਲ 17 ਕਿਲੋਮੀਟਰ ਨਹਿਰ ਦੀ ਲਾਈਨਿੰਗ ਦਾ ਕੰਮ ਮੁਕੰਮਲ ਕੀਤਾ ਗਿਆ ਹੈ, ਜੋ ਅਬੋਹਰ ਅਤੇ ਫਾਜ਼ਿਲਕਾ ਵਰਗੇ ਦੂਰ-ਦਰਾਡੇ ਦੇ ਖੇਤਰਾਂ ਨੂੰ ਪਾਣੀ ਦੀ ਬਿਹਤਰ ਸਪਲਾਈ ਯਕੀਨੀ ਬਣਾਉਣ

ਅਤੇ ਰਾਜ ਨੂੰ ਨਹਿਰੀ ਪਾਣੀ ਦੇ ਆਪਣੇ ਪੂਰੇ ਹਿੱਸੇ ਦੀ ਵਰਤੋਂ ਕਰਨ ਦੇ ਯੋਗ ਬਣਾਉਣ ਵਿੱਚ ਮਦਦ ਕਰੇਗਾ।

111. ਇਸ ਤੋਂ ਇਲਾਵਾ, ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਜ਼ਿਲ੍ਹੇ ਦੇ ਅਰਧ-ਪਹਾੜੀ ਅਤੇ ਪਾਣੀ ਦੀ ਕਿੱਲਤ ਵਾਲੇ ਖੇਤਰ ਵਿੱਚ ਪਹਿਲੀ ਵਾਰ ਨਹਿਰੀ ਪਾਣੀ ਪਹੁੰਚਾਉਣ ਲਈ ਕਾਠਗੜ੍ਹ ਲਿਫਟ ਸਕੀਮ ਸਟੇਜ-II ਨੂੰ ਲਾਗੂ ਕੀਤਾ ਜਾ ਰਿਹਾ ਹੈ। 107 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਵਾਲੇ ਇਸ ਪ੍ਰੋਜੈਕਟ ਰਾਹੀਂ ਬਿਸਤ ਦੋਆਬ ਨਹਿਰ ਤੋਂ ਪਾਣੀ ਲਿਫਟ ਕਰਕੇ 24 ਪਿੰਡਾਂ ਦੇ ਲਗਭਗ 5,500 ਏਕੜ ਕਮਾਂਡ ਏਰੀਏ ਨੂੰ ਸਿੰਚਾਈ ਦੀ ਸਹੂਲਤ ਦਿੱਤੀ ਜਾਵੇਗੀ। ਇਹ ਪਹਿਲਕਦਮੀ ਜ਼ਮੀਨੀ ਪਾਣੀ 'ਤੇ ਨਿਰਭਰਤਾ ਨੂੰ ਘਟਾਏਗੀ ਅਤੇ ਇਸ ਨਾਲ ਬਿਜਲੀ ਬਚਤ ਹੋਣ ਦੀ ਵੀ ਆਸ ਹੈ।

112. ਮਲੇਰਕੋਟਲਾ ਖੇਤਰ ਵਿੱਚ ਸਿੰਚਾਈ ਦੇ ਬਰਾਬਰ ਮੌਕੇ ਯਕੀਨੀ ਬਣਾਉਣ ਅਤੇ ਕਿਸਾਨਾਂ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਪੂਰਾ ਕਰਨ ਲਈ, ਸਰਕਾਰ ਨੇ 288 ਕਰੋੜ ਰੁਪਏ ਦੀ ਲਾਗਤ ਨਾਲ ਮਾਹੋਰਾਣਾ ਰਜਬਾਹੇ ਦੇ ਮੁੜਨਿਰਮਾਣ ਅਤੇ- ਮਲੇਰਕੋਟਲਾ ਮਾਈਨਰ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਹੈ। ਇਹ ਪ੍ਰੋਜੈਕਟ ਪਹਿਲੀ ਵਾਰ 55 ਪਿੰਡਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਏਗਾ, ਜਿਸ ਨਾਲ ਲਗਭਗ 44,000 ਏਕੜ ਸਿੰਚਾਈ ਅਧੀਨ ਰਕਬਾ ਕਵਰ ਹੋਵੇਗਾ। ਇਸ ਮਕਸਦ ਲਈ ਵਿੱਤੀ ਸਾਲ 2026–27 ਵਿੱਚ 190 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ।

113. ਵਿੱਤੀ ਸਾਲ 2026-27 ਵਿੱਚ, ਸਰਕਾਰ ਨੇ ਨਹਿਰੀ ਸਿੰਚਾਈ ਅਧੀਨ ਆਉਣ ਵਾਲੇ ਰਕਬੇ ਨੂੰ ਹੋਰ ਵਧਾਉਣ ਦੀ ਯੋਜਨਾ ਬਣਾਈ ਹੈ, ਜਿਸ ਦੇ ਦੋ ਮੁੱਖ ਉਦੇਸ਼ ਹਨ, ਨਹਿਰੀ ਪਾਣੀ (ਸਰਫੇਸ ਵਾਟਰ) ਦੀ ਵਰਤੋਂ ਨੂੰ ਵਧਾਉਣਾ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣਾ। ਪਾਈਪਲਾਈਨਾਂ ਅਤੇ ਇੱਟਾਂ ਨਾਲ ਬਣੇ ਖਾਲਾਂ ਦੇ ਨਿਰਮਾਣ ਰਾਹੀਂ ਆਖਰੀ ਸਿਰੇ ਤੱਕ ਪਾਣੀ ਪਹੁੰਚਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਨਾਲ ਲਗਭਗ 5 ਲੱਖ ਹੈਕਟੇਅਰ ਰਕਬੇ ਵਿੱਚ ਸਿੰਚਾਈ ਸਹੂਲਤ ਬਹਾਲ ਹੋਣ ਦੀ ਉਮੀਦ ਹੈ। ਵਿੱਤੀ ਸਾਲ 2026-27 ਵਿੱਚ ਇਸ ਖੇਤਰ ਲਈ 2,971 ਕਰੋੜ ਰੁਪਏ ਦੀ ਬਜਟ ਰਾਸ਼ੀ ਦੀ ਤਜਵੀਜ਼ ਹੈ।

114. ਮੈਨੂੰ ਪੰਜਾਬ ਦੇ ਲੋਕਾਂ ਨਾਲ ਇਹ ਵਾਅਦਾ ਕਰਦਿਆਂ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ ਕਿ ਇਸ ਕਾਰਜ ਦੇ ਸਿੱਟੇ ਵਜੋਂ, ਇਸ ਸਾਲ ਦੇ ਅੰਤ ਤੱਕ ਨਹਿਰੀ ਸਿੰਚਾਈ ਅਧੀਨ ਕੁੱਲ ਰਕਬਾ 70 ਲੱਖ (7 ਮਿਲੀਅਨ) ਏਕੜ ਦੇ ਕਰੀਬ ਹੋ ਜਾਵੇਗਾ, ਜੋ ਨਿਰਧਾਰਤ ਨਹਿਰੀ ਸਿੰਚਾਈ ਖੇਤਰ ਦਾ ਲਗਭਗ 90% ਬਣਦਾ ਹੈ।

## ਬਿਜਲੀ

115. ਬਿਜਲੀ ਖੇਤਰ ਵਿੱਚ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਜੀ ਦੀ ਗਤੀਸ਼ੀਲ ਅਗਵਾਈ ਹੇਠ ਪੰਜਾਬ ਵਿਆਪਕ ਅਤੇ ਢਾਂਚਾਗਤ ਸੁਧਾਰ ਕਰ ਰਿਹਾ ਹੈ ਅਤੇ ਆਪਣੇ ਲੋਕਾਂ ਨਾਲ ਕੀਤੇ ਗਏ ਹਰ ਵਾਅਦੇ ਨੂੰ ਦ੍ਰਿੜਤਾ ਨਾਲ ਨਿਭਾ ਰਿਹਾ ਹੈ। ਅਸੀਂ ਇਹ ਯਕੀਨੀ ਬਣਾਇਆ ਹੈ ਕਿ ਸੂਬੇ ਦੇ ਲਗਭਗ 90% ਘਰੇਲੂ ਖਪਤਕਾਰਾਂ ਨੂੰ ਮੁਫਤ ਬਿਜਲੀ ਮਿਲਦੀ ਰਹੇ ਜੋ ਸਾਡੀ ਘਰੇਲੂ ਬਿਜਲੀ ਸਬਸਿਡੀ ਦੀ ਸਰਵਵਿਆਪਕ ਕਵਰੇਜ ਨੂੰ ਦਰਸਾਉਂਦਾ ਹੈ ਅਤੇ ਇਹ ਵਚਨਬੱਧਤਾ

ਜਾਰੀ ਰਹੇਗੀ। ਖੇਤੀਬਾੜੀ ਲਈ ਕਿਸਾਨਾਂ ਅਤੇ ਉਤਪਾਦਨ ਵਧਾਉਣ ਲਈ ਉਦਯੋਗ ਨੂੰ ਨੀਤੀ ਅਨੁਸਾਰ ਸਾਡਾ ਸਮਰਥਨ ਬਿਨਾਂ ਕਿਸੇ ਘਾਟ ਦੇ ਜਾਰੀ ਰਹੇਗਾ। ਪਰ ਜਿੱਥੇ ਸਾਡੀਆਂ ਭਲਾਈ ਸਬੰਧੀ ਵਚਨਬੱਧਤਾਵਾਂ ਦ੍ਰਿੜ੍ਹ ਹਨ ਉੱਥੇ ਹੀ ਕਾਰਗੁਜ਼ਾਰੀ ਵਧਾਉਣ ਲਈ ਸਾਡਾ ਇਰਾਦਾ ਵੀ ਮਜ਼ਬੂਤ ਹੈ। ਕੇਂਦ੍ਰਿਤ ਊਰਜਾ ਸੁਧਾਰਾਂ, ਮਜ਼ਬੂਤ ਬਿਜਲੀ ਪ੍ਰਬੰਧਨ ਅਤੇ ਪ੍ਰਣਾਲੀਗਤ ਕਾਰਗੁਜ਼ਾਰੀ ਉਪਾਵਾਂ ਰਾਹੀਂ ਅਸੀਂ ਅਸਰਦਾਰ ਢੰਗ ਨਾਲ ਸੂਬੇ 'ਤੇ ਸਬਸਿਡੀ ਦਾ ਬੋਝ 25% ਤੱਕ ਘਟਾਉਣ ਵਿੱਚ ਸਫਲਤਾ ਹਾਸਲ ਕਰਾਂਗੇ। ਇਸ ਸਾਲ ਪੀ.ਐੱਸ.ਪੀ.ਸੀ.ਐੱਲ. ਨੇ ਟ੍ਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਘਾਟੇ ਨੂੰ ਹੋਰ ਘਟਾਉਣ ਅਤੇ ਕਾਰਜ-ਕੁਸ਼ਲਤਾ ਨੂੰ ਵਧਾਉਣ ਦਾ ਮਹੱਤਵਪੂਰਨ ਟੀਚਾ ਨਿਰਧਾਰਤ ਕੀਤਾ ਹੈ। ਇਸ ਅਜ਼ੀਮ ਸਦਨ ਵਿਚ ਮੈਂ ਮਾਣ ਨਾਲ ਕਹਿੰਦਾ ਹਾਂ ਕਿ ਭਾਵੇਂ ਸਾਡੀ ਬਿਜਲੀ ਸਬਸਿਡੀ ਨੀਤੀ ਅਤੇ ਲਾਭਪਾਤਰੀ ਕਵਰੇਜ ਬਿਲਕੁਲ ਜਿਉਂ ਦੀ ਤਿਉਂ ਹੈ, ਫਿਰ ਵੀ ਅਸੀਂ ਸੁਧਾਰ-ਅਧਾਰਤ ਕਾਰਗੁਜ਼ਾਰੀ ਲਾਭਾਂ ਰਾਹੀਂ ਲਗਭਗ 5,000 ਕਰੋੜ ਰੁਪਏ ਦੀ ਬਚਤ ਕਰਨ ਦੇ ਨਜ਼ਦੀਕ ਹਾਂ। ਇਹ ਸਪਸ਼ਟ ਸਬੂਤ ਹੈ ਕਿ ਸੁਚੱਜਾ ਪ੍ਰਸ਼ਾਸਨ ਅਤੇ ਅਨੁਸ਼ਾਸਿਤ ਸੁਧਾਰ ਲੋਕ ਭਲਾਈ ਕਰਨ ਦੇ ਨਾਲ-ਨਾਲ ਸੂਬੇ ਦੇ ਖਜ਼ਾਨੇ ਨੂੰ ਵੀ ਮਜ਼ਬੂਤ ਬਣਾ ਸਕਦੇ ਹਨ।

116. ਸਪੀਕਰ ਸਾਹਿਬ, ਅਸੀਂ 'ਮਿਸ਼ਨ ਰੌਸ਼ਨ ਪੰਜਾਬ' ਦੀ ਵੀ ਸ਼ੁਰੂਆਤ ਕੀਤੀ ਹੈ ਜਿਸ ਰਾਹੀਂ ਅਸੀਂ ਪੰਜਾਬ ਦੇ ਬਿਜਲੀ ਵੰਡ ਨੈੱਟਵਰਕ ਨੂੰ ਪੂਰੀ ਤਰ੍ਹਾਂ ਆਧੁਨਿਕ ਬਣਾਉਣ ਅਤੇ ਇਸ ਦਾ ਵਿਸਥਾਰ ਕਰਨ ਲਈ 5,000 ਕਰੋੜ ਰੁਪਏ ਦਾ ਨਿਵੇਸ਼ ਕਰ ਰਹੇ ਹਾਂ, ਇਹ ਸੂਬੇ ਦੇ ਇਤਿਹਾਸ ਵਿੱਚ ਬੁਨਿਆਦੀ ਢਾਂਚੇ ਦੀਆਂ ਸਭ ਤੋਂ ਵੱਡੀਆਂ ਪਹਿਲਕਦਮੀਆਂ ਵਿੱਚੋਂ ਇੱਕ ਹੈ। ਇਸ ਮਿਸ਼ਨ ਦਾ ਉਦੇਸ਼ ਸਪੱਸ਼ਟ ਹੈ: ਹਰ ਘਰ, ਖੇਤ ਅਤੇ ਫੈਕਟਰੀ ਨੂੰ ਬਿਨਾਂ ਕਿਸੇ ਰੁਕਾਵਟ ਦੇ ਦਿਨ ਦੇ 24 ਘੰਟੇ ਅਤੇ ਸਾਲ ਦੇ 365 ਦਿਨ, ਉੱਚ-ਗੁਣਵੱਤਾ ਵਾਲੀ ਬਿਜਲੀ ਦੀ ਸਪਲਾਈ ਦੇਣਾ। ਯੋਜਨਾਬੱਧ ਕੰਮਾਂ

ਵਿੱਚ ਨੈੱਟਵਰਕ ਦੀ ਸਮਰੱਥਾ ਵਧਾਉਣ ਅਤੇ ਤਕਨੀਕੀ ਨੁਕਸਾਨ ਨੂੰ ਘਟਾਉਣ ਲਈ 70 ਨਵੇਂ ਸਬ-ਸਟੇਸ਼ਨਾਂ ਦੀ ਉਸਾਰੀ; ਬਿਹਤਰ ਭਰੋਸੇਯੋਗਤਾ ਲਈ 200 ਮੌਜੂਦਾ ਸਬ-ਸਟੇਸ਼ਨਾਂ ਦਾ ਅਪਗ੍ਰੇਡੇਸ਼ਨ ਅਤੇ ਮਜ਼ਬੂਤੀਕਰਨ; 25,000 ਕਿਲੋਮੀਟਰ ਲੰਬੀਆਂ ਲਾਈਨਾਂ ਵਿਛਾਉਣਾ ਜਾਂ ਅਪਗ੍ਰੇਡ ਕਰਨਾ ਤਾਂ ਜੋ ਦੂਰ-ਦੁਰਾਡੇ ਦੇ ਇਲਾਕਿਆਂ ਤੱਕ ਵੀ ਪਹੁੰਚ ਹੋ ਸਕੇ; ਓਵਰਲੋਡਿੰਗ ਅਤੇ ਵੋਲਟੇਜ ਦੀ ਸਮੱਸਿਆ ਨੂੰ ਰੋਕਣ ਲਈ 8,000 ਨਵੇਂ ਡਿਸਟ੍ਰੀਬਿਊਸ਼ਨ ਟ੍ਰਾਂਸਫਾਰਮਰ ਲਗਾਉਣਾ ਜਾਂ ਅਪਗ੍ਰੇਡ ਕਰਨਾ; ਅਤੇ ਸਮਾਨ ਦੀ ਐਡਵਾਂਸ ਪ੍ਰੋਕਿਉਰਮੈਂਟ ਸ਼ਾਮਲ ਹੈ ਤਾਂ ਜੋ ਜ਼ਮੀਨੀ ਪੱਧਰ 'ਤੇ ਕੰਮ ਬਿਨਾਂ ਕਿਸੇ ਰੁਕਾਵਟ ਦੇ ਨਿਰਵਿਘਨ ਜਾਰੀ ਰਹਿ ਸਕੇ।

## ਸ਼ਹਿਰੀ ਹਵਾਬਾਜ਼ੀ

117. ਮਾਣਯੋਗ ਸਪੀਕਰ ਸਾਹਿਬ, ਮੈਨੂੰ ਇਸ ਅਜ਼ੀਮ ਸਦਨ ਨੂੰ ਇਹ ਜਾਣਕਾਰੀ ਦਿੰਦਿਆਂ ਖੁਸ਼ੀ ਹੋ ਰਹੀ ਹੈ ਕਿ ਆਦਮਪੁਰ ਹਵਾਈ ਅੱਡਾ ਹੁਣ ਲਗਭਗ 140 ਕਰੋੜ ਰੁਪਏ ਦੀ ਲਾਗਤ ਨਾਲ ਵਿਕਸਤ ਕੀਤੀ ਗਈ ਆਧੁਨਿਕ ਟਰਮੀਨਲ ਸਹੂਲਤ ਨਾਲ ਪੂਰੀ ਤਰ੍ਹਾਂ ਕਾਰਜਸ਼ੀਲ ਹੋ ਗਿਆ ਹੈ। ਇਹ ਹਵਾਈ ਅੱਡਾ, ਜੋ ਪਹਿਲਾਂ ਇੱਕ ਛੋਟੀ ਪੋਰਟਾ-ਕੈਬਿਨ ਸਹੂਲਤ ਨਾਲ ਚੱਲਦਾ ਸੀ, ਹੁਣ ਯਾਤਰੀਆਂ ਨੂੰ ਸੰਭਾਲਣ ਦੀ ਵਧੀ ਹੋਈ ਸਮਰੱਥਾ ਅਤੇ ਬਿਹਤਰ ਬੁਨਿਆਦੀ ਢਾਂਚੇ ਨਾਲ ਲੈਸ ਹੈ। ਆਦਮਪੁਰ ਤੋਂ ਹਿੰਡਨ (ਗਾਜ਼ੀਆਬਾਦ), ਮੁੰਬਈ ਅਤੇ ਹੋਰ ਸ਼ਹਿਰਾਂ ਲਈ ਉਡਾਣਾਂ ਪਹਿਲਾਂ ਹੀ ਸ਼ੁਰੂ ਹੋ ਚੁੱਕੀਆਂ ਹਨ, ਜਿਸ ਨਾਲ ਦੋਆਬਾ ਖੇਤਰ ਲਈ ਹਵਾਈ ਸੰਪਰਕ ਵਿੱਚ ਵੱਡਾ ਸੁਧਾਰ ਹੋਇਆ ਹੈ ਅਤੇ ਆਰਥਿਕ ਗਤੀਵਿਧੀਆਂ ਤੇ ਖੇਤਰੀ ਵਿਕਾਸ ਲਈ ਨਵੇਂ ਰਾਹ ਖੁੱਲ੍ਹ ਗਏ ਹਨ।

118. ਇਸ ਤੋਂ ਇਲਾਵਾ, ਲੁਧਿਆਣਾ ਦੇ ਨੇੜੇ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਹਲਵਾਰਾ

ਹਵਾਈ ਅੱਡਾ ਹੁਣ ਕਾਰਜਸ਼ੀਲ ਹੈ, ਜੋ ਕਿ ਪੰਜਾਬ ਦੇ ਹਵਾਬਾਜ਼ੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਹੋਰ ਮਹੱਤਵਪੂਰਨ ਮੀਲ ਪੱਥਰ ਹੈ। ਨਵਾਂ ਵਿਕਸਤ ਸਿਵਲ ਟਰਮੀਨਲ ਲੁਧਿਆਣਾ ਅਤੇ ਵਿਸ਼ਾਲ ਮਾਲਵਾ ਖੇਤਰ ਦੀਆਂ ਲੋੜਾਂ ਪੂਰੀਆਂ ਕਰੇਗਾ, ਜੋ ਕਿ ਸੂਬੇ ਦੇ ਸਭ ਤੋਂ ਮਹੱਤਵਪੂਰਨ ਉਦਯੋਗਿਕ ਖੇਤਰਾਂ ਵਿੱਚੋਂ ਇੱਕ ਹੈ। ਉਡਾਣਾਂ ਦੇ ਸੰਚਾਲਨ ਜਲਦੀ ਹੀ ਸ਼ੁਰੂ ਹੋਣ ਦੀ ਉਮੀਦ ਹੈ, ਜਿਸ ਨਾਲ ਖੇਤਰੀ ਸੰਪਰਕ ਵਿੱਚ ਵੱਡਾ ਸੁਧਾਰ ਹੋਵੇਗਾ, ਉਦਯੋਗਾਂ ਅਤੇ ਕਾਰੋਬਾਰਾਂ ਲਈ ਯਾਤਰਾ ਆਸਾਨ ਹੋ ਜਾਵੇਗੀ ਅਤੇ ਲੁਧਿਆਣਾ ਦੀ ਸਥਿਤੀ ਪੰਜਾਬ ਦੇ ਪ੍ਰਮੁੱਖ ਆਰਥਿਕ ਅਤੇ ਉਦਯੋਗਿਕ ਕੇਂਦਰ ਵਜੋਂ ਹੋਰ ਮਜ਼ਬੂਤ ਹੋਵੇਗੀ।

## ਮਾਈਨਿੰਗ

119. ਸਪੀਕਰ ਸਾਹਿਬ, ਪੰਜਾਬ ਨੇ ਮਾਈਨਿੰਗ ਖੇਤਰ ਵਿੱਚ ਅਹਿਮ ਪ੍ਰਾਪਤੀ ਹਾਸਲ ਕੀਤੀ ਹੈ। ਭਾਰਤ ਸਰਕਾਰ ਦੇ ਖਣਨ ਮੰਤਰਾਲੇ ਵੱਲੋਂ ਘੋਸ਼ਿਤ ਕੀਤੇ ਗਏ 'ਸਟੇਟ ਮਾਈਨਿੰਗ ਰੈਡੀਨੈਸ ਇੰਡੈਕਸ' ਵਿੱਚ ਪੰਜਾਬ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਪੰਜਾਬ ਦੀ ਇਹ ਸਿਖਰਲੀ ਰੈਂਕਿੰਗ ਇਸ ਖੇਤਰ ਵਿੱਚ ਸਾਫ ਸੁਥਰੇ ਪ੍ਰਸ਼ਾਸਨ, ਵਿਗਿਆਨਕ ਮਾਈਨਿੰਗ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕੀਤੇ ਗਏ ਨਿਰੰਤਰ ਸੁਧਾਰਾਂ ਦੀ ਸਫਲਤਾ ਦੀ ਗਵਾਹੀ ਭਰਦੀ ਹੈ।

120. ਸਾਡੀ ਸਰਕਾਰ ਨੇ ਅਹਿਮ ਕਾਨੂੰਨੀ ਅਤੇ ਨੀਤੀਗਤ ਸੁਧਾਰਾਂ ਅਤੇ ਨੋਟੀਫਾਈ ਕੀਤੇ ਨਿਯਮਾਂ ਰਾਹੀਂ ਮਾਈਨਿੰਗ ਖੇਤਰ ਦੇ ਰੈਗੂਲੇਟਰੀ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਹੈ। ਇਸ ਤਹਿਤ ਕਰੱਸ਼ਰ ਯੂਨਿਟਾਂ ਅਤੇ ਮਿਨਰਲ ਡੀਲਰਾਂ ਦੀ ਰਜਿਸਟ੍ਰੇਸ਼ਨ ਅਤੇ ਸੰਚਾਲਨ ਲਈ ਸਪਸ਼ਟ ਅਤੇ ਮਜ਼ਬੂਤ ਪ੍ਰਣਾਲੀ ਸਥਾਪਤ ਕੀਤੀ ਗਈ ਹੈ, ਜਿਸ ਨਾਲ ਛੋਟੇ ਖਣਿਜਾਂ ਦੀ ਖੁਦਾਈ ਤੋਂ ਲੈ ਕੇ ਖਪਤ

ਤੱਕ ਦੀ ਪੂਰੀ ਪ੍ਰਕਿਰਿਆ ਦੀ ਡਿਜੀਟਲ ਮੋਨੀਟਰਿੰਗ ਯਕੀਨੀ ਬਣਾਈ ਗਈ ਹੈ। ਪੰਜਾਬ ਮਾਈਨਰ ਮਿਨਰਲ ਨਿਯਮਾਂ ਵਿੱਚ ਕੀਤੀਆਂ ਗਈਆਂ ਸੋਧਾਂ ਨੇ ਸਾਈਟਾਂ ਦੀ ਨਵੀਂ ਸ਼੍ਰੇਣੀ ਵੀ ਬਣਾਈ ਹੈ, ਕਰੱਸ਼ਰ ਮਾਈਨਿੰਗ ਸਾਈਟਾਂ ਅਤੇ ਲੈਂਡਓਨਰ ਮਾਈਨਿੰਗ ਸਾਈਟਾਂ, ਜੋ ਪਾਰਦਰਸ਼ੀ ਅਤੇ ਸਮਾਂਬੱਧ ਇਕਰਾਰਨਾਮਿਆਂ ਨੂੰ ਸਮਰੱਥ ਬਣਾ ਰਹੀਆਂ ਹਨ, ਖਾਸ ਕਰਕੇ ਉਨ੍ਹਾਂ ਜ਼ਮੀਨ ਮਾਲਕਾਂ ਲਈ ਜੋ ਆਪਣੀ ਜ਼ਮੀਨ 'ਤੇ ਮਾਈਨਿੰਗ ਦਾ ਕੰਮ ਕਰਨਾ ਚਾਹੁੰਦੇ ਹਨ।

121. ਮੈਨੂੰ ਇਹ ਦੱਸਦਿਆਂ ਬਹੁਤ ਖੁਸ਼ੀ ਹੋ ਰਹੀ ਹੈ ਕਿ ਇਹਨਾਂ ਲਗਾਤਾਰ ਯਤਨਾਂ ਅਤੇ ਨੀਤੀਗਤ ਸੁਧਾਰਾਂ ਜਿਵੇਂ ਕਿ ਸਰਹੱਦੀ ਖੇਤਰਾਂ ਵਿੱਚ ਚੈੱਕ ਪੋਸਟਾਂ ਸਥਾਪਤ ਕਰਨਾ, ਸਖ਼ਤ ਲਾਗੂਕਰਨ (ਐਨਫੋਰਸਮੈਂਟ) ਅਤੇ ਨਿਲਾਮੀ ਦੀ ਆਧੁਨਿਕ ਪ੍ਰਕਿਰਿਆ ਦੇ ਸਿੱਟੇ ਵਜੋਂ ਮਾਈਨਿੰਗ ਤੋਂ ਸਾਡੀ ਆਮਦਨ ਇੱਕੋ ਸਾਲ ਵਿੱਚ 260 ਕਰੋੜ ਰੁਪਏ ਤੋਂ ਦੁੱਗਣੀ ਹੋ ਕੇ 500 ਕਰੋੜ ਰੁਪਏ ਤੋਂ ਵੀ ਵੱਧ ਹੋ ਗਈ ਹੈ!

## ਆਵਾਜਾਈ

122. ਔਰਤਾਂ ਲਈ ਮੁਫ਼ਤ ਸਫ਼ਰ ਦੀ ਯੋਜਨਾ ਤੋਂ ਇਲਾਵਾ, ਸਾਡੀ ਸਰਕਾਰ ਹੁਣ ਰਾਜ ਵਿੱਚ ਜਨਤਕ ਆਵਾਜਾਈ ਤੱਕ ਰਸਾਈ ਨੂੰ ਹੋਰ ਵਧਾਉਣ ਲਈ ਧਿਆਨ ਦੇ ਰਹੀ ਹੈ, ਜਿਨ੍ਹਾਂ ਵਿਚ ਉਨ੍ਹਾਂ ਥਾਵਾਂ ‘ਤੇ ਖਾਸ ਧਿਆਨ ਦਿੱਤਾ ਗਿਆ ਹੈ, ਜਿਥੇ ਜਾਂ ਤਾਂ ਸੇਵਾਵਾਂ ਘੱਟ ਹਨ ਜਾਂ ਰੂਟ ਭੀੜ ਵਾਲੇ ਹਨ। ਮੌਜੂਦਾ ਸਮੇਂ ਵਿੱਚ 2,267 ਬੱਸਾਂ ਚੱਲ ਰਹੀਆਂ ਹਨ ਅਤੇ ਸਰਕਾਰ ਖਰੀਦ ਅਤੇ ਲੀਜ਼ (ਕਿਰਾਏ) ਦੇ ਸੁਮੇਲ ਰਾਹੀਂ ਮੌਜੂਦਾ ਬੇੜੇ (ਸਮੂਹ) ਵਿੱਚ 1,279 ਨਵੀਆਂ ਬੱਸਾਂ ਸ਼ਾਮਲ ਕਰੇਗੀ। ਇਨ੍ਹਾਂ ਵਿੱਚੋਂ ਕੁਝ ਨਵੀਆਂ ਬੱਸਾਂ ਪਹਿਲਾਂ ਹੀ ਚੱਲ ਰਹੀਆਂ ਹਨ ਅਤੇ ਬਾਕੀ ਨਵੰਬਰ 2026 ਤੱਕ

ਚਾਲੂ ਹੋ ਜਾਣਗੀਆਂ। ਪੰਜਾਬ ਦੇ ਇਤਿਹਾਸ ਵਿੱਚ ਪਬਲਿਕ ਟ੍ਰਾਂਸਪੋਰਟ ਦਾ ਇਹ ਸਭ ਤੋਂ ਵੱਡਾ ਅਤੇ ਇਤਿਹਾਸਕ ਵਾਧਾ ਹੋਵੇਗਾ। ਕੁੱਲ ਮਿਲਾ ਕੇ 670 ਨਵੀਆਂ ਬੱਸਾਂ ਦੇ ਵਾਧੇ ਨਾਲ ਪੀ.ਆਰ.ਟੀ.ਸੀ ਨੂੰ ਮਜ਼ਬੂਤ ਕੀਤਾ ਜਾਵੇਗਾ ਜਦਕਿ ਇਸ ਵਾਧੇ ਦੀਆਂ ਬਾਕੀ 609 ਬੱਸਾਂ ਪਨਬਸ ਵਿਚ ਸ਼ਾਮਲ ਹੋਣਗੀਆਂ। ਇਹ ਬੱਸਾਂ ਸੁਰੱਖਿਆ ਅਤੇ ਪਹੁੰਚਯੋਗਤਾ ਦੇ ਨਵੀਨਤਮ ਮਾਪਦੰਡਾਂ ਨਾਲ ਲੈਸ ਹੋਣਗੀਆਂ, ਜਿਸ ਵਿੱਚ ਘੱਟ ਗਤੀਸ਼ੀਲਤਾ ਵਾਲੇ ਯਾਤਰੀਆਂ ਅਤੇ ਵ੍ਹੀਲਚੇਅਰ ਉਪਭੋਗਤਾਵਾਂ ਲਈ ਬਿਹਤਰ ਐਂਟਰੀ ਸਿਸਟਮ, ਅੱਗ ਦਾ ਪਤਾ ਲਗਾਉਣ ਵਾਲੇ ਮਜ਼ਬੂਤ ਯੰਤਰ ਅਤੇ ਨਾਈਟ ਲੈਂਪ, ਐਲ.ਈ.ਡੀ ਲਾਈਟਿੰਗ, ਜੀ.ਪੀ.ਐੱਸ ਅਤੇ ਸੀ.ਸੀ.ਟੀ.ਵੀ ਵਰਗੀਆਂ ਸੁਰੱਖਿਆ ਸਹੂਲਤਾਂ ਸ਼ਾਮਲ ਹੋਣਗੀਆਂ ਜੋ ਸਾਡੇ ਨਾਗਰਿਕਾਂ ਨੂੰ ਉੱਚ ਦਰਜੇ ਦੀਆਂ ਸੇਵਾਵਾਂ ਦੇਣ ਨੂੰ ਯਕੀਨੀ ਬਣਾਉਣਗੀਆਂ।

## ਖੁਰਾਕ ਤੇ ਸਿਵਲ ਸਪਲਾਈ

123. ਸਪੀਕਰ ਸਾਹਿਬ, ਆਮ ਆਦਮੀ ਪਾਰਟੀ ਦੀ ਸਰਕਾਰ ਨੇ ਰਾਜ ਭਰ ਦੇ ਲੋੜਵੰਦ ਪਰਿਵਾਰਾਂ ਲਈ ਖੁਰਾਕ ਅਤੇ ਪੋਸ਼ਣ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ 'ਮੇਰੀ ਰਸੋਈ' ਸਕੀਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਸ ਪਹਿਲਕਦਮੀ ਦੇ ਤਹਿਤ, ਐੱਨ.ਐਫ.ਐੱਸ.ਏ./ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਆਉਂਦੇ ਲਗਭਗ 40 ਲੱਖ ਪਰਿਵਾਰਾਂ ਨੂੰ ਉਹਨਾਂ ਦੇ ਮੌਜੂਦਾ ਅਨਾਜ ਦੇ ਹੱਕ ਤੋਂ ਇਲਾਵਾ, ਹਰ ਤਿਮਾਹੀ ਵਿੱਚ ਜ਼ਰੂਰੀ ਵਸਤਾਂ ਜਿਵੇਂ ਕਿ 2 ਕਿਲੋ ਖੰਡ, 2 ਕਿਲੋ ਚਣਾ ਦਾਲ, 1 ਲੀਟਰ ਸਰ੍ਹੋਂ ਦਾ ਤੇਲ, 200 ਗ੍ਰਾਮ ਹਲਦੀ ਅਤੇ 1 ਕਿਲੋ ਨਮਕ ਵਾਲੀਆਂ ਰਾਸ਼ਨ ਕਿੱਟਾਂ ਮੁਫ਼ਤ ਪ੍ਰਦਾਨ ਕੀਤੀਆਂ ਜਾਣਗੀਆਂ। ਇਹ ਪ੍ਰੋਗਰਾਮ ਘਰੇਲੂ

ਖਰਚਿਆਂ ਨੂੰ ਘਟਾਉਣ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੀ ਸਹਾਇਤਾ ਕਰਨ ਲਈ ਸਾਡੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਦੇ ਪ੍ਰਭਾਵਸ਼ਾਲੀ ਲਾਗੂਕਰਨ ਲਈ ਵਿੱਤੀ ਸਾਲ 2026-27 ਵਿੱਚ 900 ਕਰੋੜ ਰੁਪਏ ਦਾ ਬਜਟ ਉਪਬੰਧ ਰੱਖਿਆ ਗਿਆ ਹੈ।

124. ਇਸ ਤੋਂ ਇਲਾਵਾ, ਲੋਕਾਂ ਵਿੱਚ ਲੰਬੇ ਸਮੇਂ ਤੋਂ ਨਵੇਂ ਰਾਸ਼ਨ ਕਾਰਡਾਂ ਲਈ ਰਜਿਸਟ੍ਰੇਸ਼ਨ ਖੋਲ੍ਹਣ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਜੋ ਪੂਰੇ ਦੇਸ਼ ਦਾ ਪੇਟ ਭਰਨ ਵਾਲੇ ਸੂਬੇ ਪੰਜਾਬ ਵਿੱਚ ਕੋਈ ਵੀ ਗਰੀਬ ਪਰਿਵਾਰ ਰੋਟੀ ਦੀ ਚਿੰਤਾ ਨਾ ਕਰੇ। ਸਪੀਕਰ ਸਾਹਿਬ, ਮੈਨੂੰ ਇਹ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਜੀ ਦੇ ਨਿਰਦੇਸ਼ਾਂ ਅਨੁਸਾਰ, ਅਸੀਂ ਆਉਣ ਵਾਲੇ ਸਾਲ ਵਿੱਚ 10 ਲੱਖ ਨਵੇਂ ਲਾਭਪਾਤਰੀਆਂ ਲਈ ਖੁਰਾਕ ਸੁਰੱਖਿਆ ਦੇ ਦਰਵਾਜ਼ੇ ਖੋਲ੍ਹ ਰਹੇ ਹਾਂ ਅਤੇ ਉਹਨਾਂ ਲੋਕਾਂ ਦਾ ਸਵਾਗਤ ਕਰ ਰਹੇ ਹਾਂ ਜੋ ਲੰਬੇ ਸਮੇਂ ਤੋਂ ਆਪਣੇ ਹੱਕੀ ਸ਼ਮੂਲੀਅਤ ਦੀ ਉਡੀਕ ਕਰ ਰਹੇ ਸਨ। ਇਹ ਸਮਾਨਤਾ ਦੀ ਜਿੱਤ ਹੈ, ਜੋ ਇਹ ਯਕੀਨੀ ਬਣਾਉਂਦੀ ਹੈ ਕਿ ਸਾਡੇ ਰਾਜ ਦੀ ਤਰੱਕੀ ਦਾ ਲਾਭ ਸਾਡੇ ਦਰਮਿਆਨ ਸਭ ਤੋਂ ਲੋੜਵੰਦ ਲੋਕਾਂ ਤੱਕ ਪਹੁੰਚੇ।

125. ਪੰਜਾਬ ਦੇ ਹਰ ਪਰਿਵਾਰ ਲਈ ਖੁਰਾਕ ਸੁਰੱਖਿਆ ਯਕੀਨੀ ਬਣਾਉਣ ਦੇ ਨਾਲ-ਨਾਲ ਸਾਡੀ ਸਰਕਾਰ ਆਪਣੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਵੀ ਵਚਨਬੱਧ ਹੈ। ਸਾਡੀ ਸਰਕਾਰ ਨੇ ਰਾਜ ਵਿੱਚ ਉਪਲਬਧ ਖਾਲੀ ਅਸਾਮੀਆਂ ਵਿਰੁੱਧ ਵਾਜਬ ਮੁੱਲ ਦੀਆਂ ਦੁਕਾਨਾਂ ਦੀ ਅਲਾਟਮੈਂਟ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਅਗਲੇ 1-2 ਮਹੀਨਿਆਂ ਵਿੱਚ ਇਸ ਪ੍ਰਕਿਰਿਆ ਦੇ ਮੁਕੰਮਲ ਹੋਣ 'ਤੇ, ਰਾਜ ਦੇ ਲਗਭਗ 7,500 ਨਿਵਾਸੀਆਂ ਨੂੰ ਵਾਜਬ ਮੁੱਲ ਦੀਆਂ ਦੁਕਾਨਾਂ/ਰਾਸ਼ਨ ਡਿਪੂ ਚਲਾਉਣ ਲਈ ਲਾਇਸੈਂਸ ਜਾਰੀ ਕੀਤੇ ਜਾਣਗੇ, ਜਿਸ ਨਾਲ ਰਾਜ ਵਿੱਚ ਸਮਾਰਟ ਕਾਰਡ ਰਾਸ਼ਨ ਸਕੀਮ ਅਧੀਨ ਰਜਿਸਟਰਡ ਲਾਭਪਾਤਰੀਆਂ ਨੂੰ ਕਣਕ ਦੀ ਵੰਡ ਵਿੱਚ ਵੀ ਤੇਜ਼ੀ ਆਵੇਗੀ।

# ਨਾਰੀ ਸ਼ਕਤੀਕਰਨ ਅਤੇ ਸਮਾਜ ਭਲਾਈ

126. ਮਾਣਯੋਗ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਵਿਧੀਵਤ ਢੰਗ ਨਾਲ ਕੰਮ ਕਰਦਿਆਂ ਬਿਜਲੀ, ਸਿਹਤ ਸੰਭਾਲ, ਸਿੱਖਿਆ ਅਤੇ ਸਮਾਜਿਕ ਸੁਰੱਖਿਆ ਦੇ ਖੇਤਰਾਂ ਵਿੱਚ ਦਿੱਤੀ ਹਰ ਗਰੰਟੀ ਨੂੰ ਪੂਰਾ ਕੀਤਾ ਹੈ। ਅੱਜ ਅਸੀਂ ਸਾਰੇ ਵਾਅਦੇ ਪੂਰੇ ਕਰਨ ਜਾ ਰਹੇ ਹਾਂ। ਅੱਜ ਅੰਤਰ-ਰਾਸ਼ਟਰੀ ਨਾਰੀ ਦਿਵਸ ਦੇ ਸ਼ੁਭ ਅਵਸਰ ’ਤੇ ਭਾਰਤ ਦੇ ਇਤਿਹਾਸ ਵਿੱਚ ਨਾਰੀ ਸ਼ਕਤੀਕਰਨ ਦੀ ਹੁਣ ਤਕ ਦੀ ਸਭ ਤੋਂ ਵੱਡੀ ਯੋਜਨਾ ਐਲਾਨ ਕਰਨ ਦਾ ਵਕਤ ਆ ਗਿਆ ਹੈ। ਸਾਡੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਮੰਨਣਾ ਹੈ ਕਿ ਨਾਰੀ ਦੀ ਤਰੱਕੀ ਨਾਲ ਹੀ ਦੇਸ਼ ਤਰੱਕੀ ਕਰ ਸਕਦਾ ਹੈ। ਇਸ ਸੋਚ ’ਤੇ ਪਹਿਰਾ ਦਿੰਦਿਆਂ ਮੈਂ ਬੇਹੱਦ ਮਾਣ ਨਾਲ ਨਵੀਂ ਸਕੀਮ "ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ" ਦੇ ਆਗਾਜ਼ ਦਾ ਐਲਾਨ ਕਰਦਾ ਹਾਂ। ਇਸ ਯੋਜਨਾ ਤਹਿਤ ਭਗਵੰਤ ਮਾਨ ਸਰਕਾਰ ਸਾਰੀਆਂ ਬਾਲਗ ਔਰਤਾਂ ਨੂੰ 1,000 ਰੁਪਏ ਅਤੇ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਸਿੱਧੇ ਤੌਰ ’ਤੇ ਬੈਂਕ ਖਾਤਿਆਂ ਵਿਚ ਟ੍ਰਾਂਸਫ਼ਰ ਕਰੇਗੀ।

127. ਸਪੀਕਰ ਸਾਹਿਬ, ਇਹ ਯੋਜਨਾ ਨਾ ਸਿਰਫ਼ ਭਾਰਤ ਦੀ, ਸਗੋਂ ਦੁਨੀਆ ਦੀ ਪਹਿਲੀ ‘ਸਰਵ-ਵਿਆਪਕ ਕੈਸ਼ ਟ੍ਰਾਂਸਫਰ’ ਸਕੀਮ ਹੋਵੇਗੀ। ਪੰਜਾਬ ਦੀ 18 ਸਾਲ ਤੋਂ ਵੱਧ ਉਮਰ ਦੀ ਹਰ ਔਰਤ ਇਸ ਸਕੀਮ ਅਧੀਨ ਰਜਿਸਟ੍ਰੇਸ਼ਨ ਲਈ ਯੋਗ ਹੋਵੇਗੀ; ਸਿਰਫ਼ ਮੌਜੂਦਾ ਜਾਂ ਸਾਬਕਾ ਸਥਾਈ ਸਰਕਾਰੀ ਕਰਮਚਾਰੀਆਂ, ਮੌਜੂਦਾ ਅਤੇ ਸਾਬਕਾ ਸੰਸਦ ਮੈਂਬਰਾਂ/ਵਿਧਾਇਕਾਂ ਅਤੇ ਇਨਕਮ ਟੈਕਸ ਭਰਨ ਵਾਲਿਆਂ ਨੂੰ ਹੀ ਇਸ ਘੇਰੇ ਤੋਂ ਬਾਹਰ ਰੱਖਿਆ ਗਿਆ ਹੈ। ਉਹ ਔਰਤਾਂ ਵੀ ਇਸ ਸਕੀਮ

ਲਈ ਯੋਗ ਹੋਣਗੀਆਂ ਜੋ ਪਹਿਲਾਂ ਹੀ ਮੌਜੂਦਾ ਸਮਾਜਿਕ ਸੁਰੱਖਿਆ ਪੈਨਸ਼ਨ ਸਕੀਮਾਂ ਜਿਵੇਂ ਬੁਢਾਪਾ ਪੈਨਸ਼ਨ, ਵਿਧਵਾ/ਬੇਸਹਾਰਾ ਮਹਿਲਾ ਪੈਨਸ਼ਨ ਜਾਂ ਅਪੰਗਤਾ ਪੈਨਸ਼ਨ ਸਕੀਮ ਆਦਿ ਦਾ ਲਾਭ ਲੈ ਰਹੀਆਂ ਹਨ। ਪੰਜਾਬ ਦੀਆਂ ਲਗਭਗ 97% ਬਾਲਗ ਔਰਤਾਂ ਇਸ ਸਕੀਮ ਅਧੀਨ ਯੋਗ ਹੋਣਗੀਆਂ ਜੋ ਭਾਰਤ ਦੇ ਕਿਸੇ ਵੀ ਰਾਜ ਨਾਲੋਂ ਵੱਧ ਹੈ। ਇਸ ਇਤਿਹਾਸਕ ਪਹਿਲਕਦਮੀ ਦਾ ਮੂਲ ਉਦੇਸ਼ ਔਰਤਾਂ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣਾਉਣਾ, ਘਰੇਲੂ ਫੈਸਲਿਆਂ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਮਜ਼ਬੂਤ ਕਰਨਾ ਅਤੇ ਉਨ੍ਹਾਂ ਦੀ ਸਿਹਤ ਤੇ ਪੋਸ਼ਣ ਦੇ ਮਿਆਰ ਵਿੱਚ ਸੁਧਾਰ ਲਿਆਉਣਾ ਹੈ ਤਾਂ ਜੋ ਸਾਡੀਆਂ ਧੀਆਂ ਨਿਰੰਤਰ ਵਿੱਦਿਆ ਹਾਸਲ ਕਰਕੇ ਆਪਣੀਆਂ ਉੱਚੀਆਂ ਉਮੰਗਾਂ ਨੂੰ ਹਕੀਕਤ ਵਿੱਚ ਬਦਲ ਸਕਣ। ਇਹ ਸਾਡੇ ਇਸ ਵਿਸ਼ਵਾਸ ਦੀ ਪੁਸ਼ਟੀ ਕਰਦਾ ਹੈ ਕਿ ਸ਼ਕਤੀਕਰਨ ਪੰਜਾਬ ਭਰ ਦੀਆਂ ਔਰਤਾਂ ਲਈ ਪੁਖ਼ਤਾ ਵਿੱਤੀ ਸੁਰੱਖਿਆ ਅਤੇ ਵਧੇਰੇ ਮਾਣ-ਸਨਮਾਨ ਵਜੋਂ ਝਲਕਣਾ ਚਾਹੀਦਾ ਹੈ।

128. ਸਪੀਕਰ ਸਾਹਿਬ, ਬਹੁਤ ਸਾਰੇ ਰਾਜਾਂ ਨੇ ਅਜਿਹੀਆਂ ਸਕੀਮਾਂ ਦੇ ਐਲਾਨ ਕਰਨ ਦਾ 'ਜੁਮਲਾ' ਤਾਂ ਸ਼ੁਰੂ ਕੀਤਾ ਹੈ, ਪਰ ਉਨ੍ਹਾਂ ਨੇ ਸਕੀਮਾਂ ਨੂੰ ਔਰਤਾਂ ਦੇ ਬਹੁਤ ਹੀ ਸੀਮਤ ਵਰਗ ਤੱਕ ਰੱਖਿਆ ਹੈ। ਉਹ ਉਨ੍ਹਾਂ ਬਹੁਗਿਣਤੀ ਔਰਤਾਂ ਨੂੰ ਅਣਗੌਲਿਆ ਕਰ ਰਹੇ ਹਨ ਜੋ ਆਪਣੀਆਂ ਮੁੱਢਲੀਆਂ ਲੋੜਾਂ ਲਈ ਵੀ ਮਰਦਾਂ 'ਤੇ ਨਿਰਭਰ ਹਨ। ਮਿਸਾਲ ਵਜੋਂ ਗੁਆਂਢੀ ਰਾਜ ਨੇ ਅਜਿਹੀ ਹੀ ਇੱਕ ਯੋਜਨਾ ਦਾ ਐਲਾਨ ਕੀਤਾ, ਪਰ ਇਸ ਨੂੰ ਸਿਰਫ਼ 1 ਲੱਖ ਰੁਪਏ ਤੋਂ ਘੱਟ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਤੱਕ ਸੀਮਤ ਕਰ ਦਿੱਤਾ ਜਿਸ ਨਾਲ ਸਿਰਫ਼ 20% ਬਾਲਗ ਔਰਤਾਂ ਹੀ ਇਸ ਦੇ ਘੇਰੇ ਵਿੱਚ ਆਈਆਂ। ਪਰ ਪੰਜਾਬ ਅਜਿਹੇ 'ਜੁਮਲੇ' ਨਹੀਂ ਕਰੇਗਾ। ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਜੀ ਪੰਜਾਬ ਦੀਆਂ ਸਿਰਫ਼ 20% ਔਰਤਾਂ ਦੇ ਮੁੱਖ ਮੰਤਰੀ ਨਹੀਂ ਹਨ, ਸਗੋਂ ਉਹ ਪੰਜਾਬ ਦੀਆਂ ਸਾਰੀਆਂ ਔਰਤਾਂ ਦੇ ਮੁੱਖ ਮੰਤਰੀ ਹਨ। ਇਸ ਫੈਸਲੇ ਅਨੁਸਾਰ ਪੰਜਾਬ ਸਾਰੀਆਂ ਬਾਲਗ

ਔਰਤਾਂ ਨੂੰ ਵਿੱਤੀ ਸਹਾਇਤਾ ਦੇਣ ਵਾਲਾ ਦੇਸ਼ ਦਾ ਪਹਿਲਾ ਸੂਬਾ ਹੋਵੇਗਾ। ਭਾਵੇਂ ਕਾਲਜ ਪੜ੍ਹਦੀ ਧੀ ਹੋਵੇ ਜਿਸ ਨੇ ਕਿਤਾਬਾਂ ਖਰੀਦਣੀਆਂ ਹੋਣ, ਭਾਵੇਂ ਸਰਕਾਰੀ ਨੌਕਰੀ ਦੀ ਤਿਆਰੀ ਕਰ ਰਹੀ ਧੀ ਹੋਵੇ ਜਿਸ ਨੇ ਕੋਚਿੰਗ ਦੀ ਫੀਸ ਭਰਨੀ ਹੈ ਜਾਂ ਸਿਨੇਮਾ ਹਾਲ ਵਿੱਚ ਫ਼ਿਲਮ ਦੇਖਣ ਦੀ ਚਾਹਵਾਨ ਕੋਈ ਔਰਤ ਹੋਵੇ ਜਾਂ ਫਿਰ ਆਪਣੀ ਪੋਤੀ ਲਈ ਖਿਡੌਣਾ ਖਰੀਦਣ ਦੀ ਰੀਝ ਰੱਖਣ ਵਾਲੀ ਕੋਈ ਦਾਦੀ ਹੋਵੇ। ਹੁਣ ਉਨ੍ਹਾਂ ਨੂੰ ਆਪਣੇ ਨਿੱਜੀ ਖ਼ਰਚਿਆਂ ਲਈ ਕਿਸੇ ਅੱਗੇ ਹੱਥ ਅੱਡਣ ਦੀ ਲੋੜ ਨਹੀਂ ਪਵੇਗੀ ਕਿਉਂਕਿ ਉਨ੍ਹਾਂ ਦਾ ਵੱਡਾ ਭਰਾ ਅਤੇ ਪੁੱਤਰ ਸਰਦਾਰ ਭਗਵੰਤ ਸਿੰਘ ਮਾਨ ਹਰ ਮਹੀਨੇ ਉਨ੍ਹਾਂ ਦੇ ਬੈਂਕ ਖਾਤੇ ਵਿੱਚ 1,000 ਤੋਂ 1,500 ਰੁਪਏ ਜਮ੍ਹਾਂ ਕਰਵਾਏਗਾ। ਇਸ ਨੂੰ ਪਾਰਦਰਸ਼ੀ ਅਤੇ ਸਮੇਂ-ਸਿਰ ਲਾਗੂ ਕਰਨ ਲਈ ਵਿੱਤੀ ਸਾਲ 2026-27 ਦੇ ਬਜਟ ਵਿੱਚ 9,300 ਕਰੋੜ ਰੁਪਏ ਦਾ ਵਿਸ਼ੇਸ਼ ਉਪਬੰਧ ਕੀਤਾ ਗਿਆ ਹੈ।

129. ਇਸ ਸਿੱਧੀ ਵਿੱਤੀ ਸਹਾਇਤਾ ਦੇ ਨਾਲ-ਨਾਲ, ਸਰਕਾਰ ਪੂਰੇ ਪੰਜਾਬ ਵਿੱਚ ਔਰਤਾਂ ਲਈ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਜਾਰੀ ਰੱਖੇਗੀ। ਇਹ ਸਹੂਲਤ ਸੁਖਾਲੀ ਆਵਾਜਾਈ ਅਤੇ ਮੁਨਾਸਿਬ ਮੌਕਿਆਂ ਲਈ ਅਹਿਮ ਸਾਧਨ ਬਣ ਚੁੱਕੀ ਹੈ। ਇਸ ਉੱਦਮ ਤਹਿਤ ਔਰਤਾਂ ਵੱਲੋਂ ਇਕੱਲੇ ਪਿਛਲੇ ਸਾਲ ਵਿੱਚ ਲਗਭਗ 12 ਕਰੋੜ ਮੁਫ਼ਤ ਸਫ਼ਰ ਕੀਤੇ ਜਾ ਚੁੱਕੇ ਹਨ। ਇਹ ਅੰਕੜੇ ਇਸ ਯੋਜਨਾ ਦੀ ਵੱਡੇ ਪੱਧਰ ‘ਤੇ ਮਾਨਤਾ ਅਤੇ ਸਮਾਜਿਕ ਅਸਰ ਦੀ ਮੂੰਹ ਬੋਲਦੀ ਤਸਵੀਰ ਹਨ। ਇਸ ਸਹੂਲਤ ਨੇ ਔਰਤਾਂ ਨੂੰ ਬਿਨਾਂ ਕਿਸੇ ਆਰਥਿਕ ਬੋਝ ਦੇ ਕੰਮ-ਕਾਜ, ਸਿੱਖਿਆ, ਸਿਹਤ ਸੇਵਾਵਾਂ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਦੇ ਸਮਰੱਥ ਬਣਾਇਆ ਹੈ। ਇਸ ਯੋਜਨਾ ਨੂੰ ਜਾਰੀ ਰੱਖਣ ਲਈ ਵਿੱਤੀ ਸਾਲ 2026-27 ਵਿੱਚ 600 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

130. ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ (ICDS) ਸਕੀਮ ਪੂਰੇ ਪੰਜਾਬ ਦੇ 155 ਆਈ.ਸੀ.ਡੀ.ਐੱਸ. ਬਲਾਕਾਂ ਵਿੱਚ ਫੈਲੇ 27,314 ਆਂਗਣਵਾੜੀ ਕੇਂਦਰਾਂ ਰਾਹੀਂ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਮਜ਼ਬੂਤ ਥੰਮ੍ਹ ਵਜੋਂ ਨਿਰੰਤਰ ਕਾਰਜਸ਼ੀਲ ਹੈ। ਇਹ ਆਂਗਣਵਾੜੀ ਕੇਂਦਰ ਲਗਭਗ 16.60 ਲੱਖ ਲਾਭਪਾਤਰੀਆਂ ਨੂੰ ਪੂਰਕ ਪੋਸ਼ਣ, ਟੀਕਾਕਰਨ, ਸਿਹਤ ਜਾਂਚ, ਰੈਫਰਲ ਸੇਵਾਵਾਂ ਅਤੇ ਪ੍ਰੀ-ਸਕੂਲ ਸਿੱਖਿਆ ਪ੍ਰਦਾਨ ਕਰ ਰਹੇ ਹਨ। ਇਸ ਪਹੁੰਚ ਨੂੰ ਹੋਰ ਮਜ਼ਬੂਤ ਕਰਨ ਅਤੇ ਨਿਰੰਤਰ ਜਾਰੀ ਰੱਖਣ ਲਈ ਵਿੱਤੀ ਸਾਲ 2026-27 ਵਿੱਚ 932 ਕਰੋੜ ਰੁਪਏ ਦੇ ਬਜਟ ਦਾ ਉਪਬੰਧ ਕੀਤਾ ਗਿਆ ਹੈ। ਇਹ ਆਂਗਣਵਾੜੀ ਕੇਂਦਰ ਨਾ ਸਿਰਫ਼ ਸਿੱਖਿਆ ਦੇ ਕੇਂਦਰਾਂ ਵਜੋਂ ਕਾਰਜਸ਼ੀਲ ਹਨ ਸਗੋਂ ਸਿਹਤ, ਸਿੱਖਿਆ, ਪਰਿਵਾਰ ਭਲਾਈ ਅਤੇ ਪ੍ਰਜਨਨ ਸਿਹਤ ਬਾਰੇ ਜਾਗਰੂਕਤਾ ਫੈਲਾਉਣ ਵਾਲੇ ਅਹਿਮ ਸਮਾਜਿਕ ਮੰਚ ਵਜੋਂ ਵੀ ਕੰਮ ਕਰ ਰਹੇ ਹਨ।

131. ਰਾਜ ਸਰਕਾਰ ਨੇ ਨਵੰਬਰ, 2025 ਵਿੱਚ ਔਰਤਾਂ ਅਤੇ ਕਿਸ਼ੋਰ ਲੜਕੀਆਂ ਵਿੱਚ ਮਾਹਵਾਰੀ ਸਿਹਤ, ਸਵੈ-ਮਾਣ ਅਤੇ ਸਵੱਛਤਾ ਪ੍ਰਤੀ ਜਾਗਰੂਕਤਾ ਵਧਾਉਣ ਲਈ 'ਨਵੀਂ ਦਿਸ਼ਾ ਯੋਜਨਾ' ਦੀ ਸ਼ੁਰੂਆਤ ਕੀਤੀ। ਵਿੱਤੀ ਸਾਲ 2025–26 ਦੌਰਾਨ 13.65 ਲੱਖ ਲੋੜਵੰਦ ਔਰਤਾਂ ਨੂੰ ਮੁਫ਼ਤ ਸੈਨੇਟਰੀ ਪੈਡ ਮੁਹੱਈਆ ਕਰਵਾਉਣ ਲਈ 43 ਕਰੋੜ ਰੁਪਏ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਤਹਿਤ ਪੂਰੇ ਰਾਜ ਵਿੱਚ ਹਰ ਮਹੀਨੇ ਲਗਭਗ 1.2 ਕਰੋੜ ਸੈਨੇਟਰੀ ਪੈਡ ਵੰਡੇ ਜਾ ਰਹੇ ਹਨ। ਇਸ ਪ੍ਰੋਗਰਾਮ ਨੂੰ ਮਿਲੇ ਚੰਗੇ ਹੁੰਗਾਰੇ ਸਦਕਾ ਇਸ ਦੇ ਦਾਇਰੇ ਨੂੰ ਵਧਾਉਂਦਿਆ, ਇਸ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਲਈ ਵਿੱਤੀ ਸਾਲ 2026–27 ਵਿੱਚ 65 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਰੱਖੀ ਗਈ ਹੈ।

132. ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸਹਾਰਾ ਜਾਰੀ ਰੱਖਦੇ ਹੋਏ ਵਿੱਤੀ ਸਾਲ 2026-27 ਵਿੱਚ ਬਜ਼ੁਰਗਾਂ, ਵਿਧਵਾਵਾਂ, ਬੇਸਹਾਰਾ ਔਰਤਾਂ, ਆਸ਼ਰਿਤ ਬੱਚਿਆਂ ਅਤੇ ਦਿਵਿਆਂਗ ਵਿਅਕਤੀਆਂ ਸਮੇਤ 36.52 ਲੱਖ ਲਾਭਪਾਤਰੀਆਂ ਨੂੰ ਮਾਸਿਕ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ 6,150 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

133. ਮੈਂ ਵਿੱਤੀ ਸਾਲ 2026-27 ਲਈ ਸਮਾਜਿਕ ਭਲਾਈ ਅਤੇ ਨਿਆਂ ਦੇ ਖੇਤਰ ਲਈ ਕੁੱਲ 18,304 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਰੱਖਦਾ ਹਾਂ ਜੋ ਇਸ ਖੇਤਰ ਵਿੱਚ ਭਲਾਈ ਕਾਰਜਾਂ ਲਈ ਹੁਣ ਤੱਕ ਦੀ ਸਭ ਤੋਂ ਵੱਡੀ ਰਾਸ਼ੀ ਹੈ। ਇਸ ਵਿੱਚ ਅਸ਼ੀਰਵਾਦ ਸਕੀਮ ਲਈ 360 ਕਰੋੜ ਰੁਪਏ, ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਈ 261 ਕਰੋੜ ਰੁਪਏ ਅਤੇ ਆਦਰਸ਼ ਗ੍ਰਾਮ ਯੋਜਨਾ ਲਈ 75 ਕਰੋੜ ਰੁਪਏ ਦੀ ਵੰਡ ਸ਼ਾਮਲ ਹੈ। ਇਹ ਰਾਸ਼ੀ ਸਮਾਜ ਦੇ ਕਮਜ਼ੋਰ ਅਤੇ ਪਛੜੇ ਵਰਗਾਂ ਲਈ ਨਿਰੰਤਰ ਸਹਾਇਤਾ ਯਕੀਨੀ ਬਣਾਏਗੀ।

134. ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਘੱਟ ਗਿਣਤੀਆਂ ਅਤੇ ਹੋਰ ਵੰਚਿਤ ਵਰਗਾਂ ਨੂੰ ਉੱਚਾ ਚੁੱਕਣ ਦੇ ਪ੍ਰਤੀ ਆਪਣੇ ਅਟੱਲ ਅਹਿਦ ਨੂੰ ਦੁਹਰਾਉਂਦੇ ਹੋਏ, ਵਿੱਤੀ ਸਾਲ 2026-27 ਵਿੱਚ ਅਨੁਸੂਚਿਤ ਜਾਤੀ ਉਪ-ਯੋਜਨਾ (SCSP) ਦੇ ਤਹਿਤ 17,700 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ। ਇਹ ਰਾਸ਼ੀ ਸੂਬੇ ਦੇ ਕੁੱਲ ਵਿਕਾਸ ਖਰਚੇ ਦਾ 35.23% ਹਿੱਸਾ ਹੈ।

## ਮਾਲੀਆ ਵਾਧਾ ਅਤੇ ਪੂੰਜੀ ਸਿਰਜਣਾ

135. ਵਿੱਤੀ ਸਾਲ 2026-27 ਵਿੱਚ ਕੁੱਲ ਮਾਲੀਆ ਪ੍ਰਾਪਤੀਆਂ 1,26,190 ਕਰੋੜ ਰੁਪਏ ਹੋਣ ਦਾ ਅਨੁਮਾਨ ਲਗਾਇਆ ਗਿਆ ਹੈ, ਜਿਸ ਵਿੱਚੋਂ ਆਪਣਾ ਕਰ ਮਾਲੀਆ 70,851 ਕਰੋੜ ਰੁਪਏ

ਅਤੇ ਗੈਰ ਟੈਕਸ ਮਾਲੀਆ-15,687 ਕਰੋੜ ਰੁਪਏ ਮਿਥਿਆ ਗਿਆ ਹੈ

136. ਮਾਣਯੋਗ ਸਪੀਕਰ ਸਾਹਿਬ, ਮੈਨੂੰ ਇਸ ਅਜ਼ੀਮ ਸਦਨ ਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ 16ਵੇਂ ਵਿੱਤ ਕਮਿਸ਼ਨ ਨੇ ਹਰੀਜ਼ੋਂਟਲ ਡਿਵੋਲਿਊਸ਼ਨ ਵਿੱਚ ਪੰਜਾਬ ਦਾ ਹਿੱਸਾ 1.807% ਤੋਂ ਵਧਾ ਕੇ 1.996% ਕਰ ਦਿੱਤਾ ਹੈ। ਇਸ ਦੇ ਨਤੀਜੇ ਵਜੋਂ, ਕੇਂਦਰੀ ਕਰਾਂ ਵਿੱਚ ਸਾਡੀ ਹਿੱਸੇਦਾਰੀ ਦੀ ਨਿਰੋਲ ਆਮਦਨ ਵਿੱਤੀ ਸਾਲ 2026-27 ਵਿੱਚ 30,464 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ, ਜਦੋਂ ਕਿ ਵਿੱਤੀ ਸਾਲ 2025-26 ਵਿੱਚ 25,171 ਕਰੋੜ ਰੁਪਏ ਸੀ, ਜੋ ਕਿ ਪਿਛਲੇ ਸਾਲ ਨਾਲੋਂ 5,293 ਕਰੋੜ ਰੁਪਏ ਦਾ ਵਾਧਾ ਹੈ। ਭਾਰਤ ਸਰਕਾਰ ਨੇ ਪੰਜ ਸਾਲਾਂ ਦੀ ਅਵਾਰਡ ਮਿਆਦ ਲਈ 16ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਸਵੀਕਾਰ ਕਰ ਲਿਆ ਹੈ। ਇਸ ਤੋਂ ਇਲਾਵਾ, ਵਿੱਤੀ ਸਾਲ 2026-27 ਵਿੱਚ ਕੇਂਦਰ ਤੋਂ ਗ੍ਰਾਂਟ-ਇਨ-ਏਡ 9,188 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ।

137. ਮਾਣਯੋਗ ਸਪੀਕਰ ਸਾਹਿਬ, ਸ਼ਾਸਨ ਦੀ ਨੀਅਤ ਕਿੰਨੀ ਅਹਿਮ ਹੁੰਦੀ ਹੈ ਇਸ ਗੱਲ ਦਾ ਪ੍ਰਤੱਖ ਸਬੂਤ ਸਾਨੂੰ ਆਬਕਾਰੀ ਖੇਤਰ ਦੀ ਕਾਰਗੁਜ਼ਾਰੀ ਤੋਂ ਮਿਲ ਸਕਦਾ ਹੈ। ਸਾਫ-ਸਪੱਸ਼ਟ ਨੀਤੀ, ਦ੍ਰਿੜਤਾ ਨਾਲ ਲਾਗੂ ਕਰਨ ਅਤੇ ਲੀਕੇਜ ਪ੍ਰਤੀ ਜ਼ੀਰੋ ਸਹਿਣਸ਼ੀਲਤਾ ਨਾਲ ਮਾਲੀਆ ਪ੍ਰਾਪਤੀ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਆਮ ਆਦਮੀ ਪਾਰਟੀ ਸਰਕਾਰ ਦੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਆਬਕਾਰੀ ਮਾਲੀਆ 53,122 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ, ਜੋ ਕਿ ਪਿਛਲੀ ਕਾਂਗਰਸ ਸਰਕਾਰ ਦੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ 27,934 ਕਰੋੜ ਰੁਪਏ ਅਤੇ ਅਕਾਲੀ-ਭਾਜਪਾ ਸਰਕਾਰ ਦੌਰਾਨ 20,545 ਕਰੋੜ ਰੁਪਏ ਦੇ ਮੁਕਾਬਲੇ ਜ਼ਬਰਦਸਤ ਵਾਧਾ ਹੈ।

138. ਮਾਣਯੋਗ ਸਪੀਕਰ ਸਾਹਿਬ, ਮਾਲੀਆ ਵਾਧਾ ਸਿਰਫ਼ ਆਬਕਾਰੀ ਖੇਤਰ ਤੱਕ ਹੀ ਸੀਮਿਤ

ਨਹੀਂ ਹੈ ਸਗੋਂ ਸਟੈਂਪ ਅਤੇ ਰਜਿਸਟ੍ਰੇਸ਼ਨ ਵਿੱਚ ਵੀ ਇਸੇ ਤਰ੍ਹਾਂ ਦੇ ਸੁਧਾਰ ਦਿਖਾਈ ਦੇ ਰਹੇ ਹਨ। ਆਮ ਆਦਮੀ ਪਾਰਟੀ ਸਰਕਾਰ ਦੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ, ਸਟੈਂਪ ਅਤੇ ਰਜਿਸਟ੍ਰੇਸ਼ਨ ਤੋਂ ਪ੍ਰਾਪਤੀਆਂ 30,367 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ, ਜਦੋਂ ਕਿ ਕਾਂਗਰਸ ਸਰਕਾਰ ਦੌਰਾਨ ਅਸਲ ਪ੍ਰਾਪਤੀਆਂ 12,469 ਕਰੋੜ ਰੁਪਏ ਅਤੇ ਅਕਾਲੀ-ਭਾਜਪਾ ਸਰਕਾਰ ਦੌਰਾਨ ਪ੍ਰਾਪਤੀਆਂ 12,387 ਕਰੋੜ ਰੁਪਏ ਸਨ। ਅਸੀਂ ਹੁਣ ਤੋਂ ਵਿੱਤੀ ਸਾਲ 2026-27 ਲਈ 9,000 ਕਰੋੜ ਰੁਪਏ ਦਾ ਅਭਿਲਾਸ਼ੀ ਟੀਚਾ ਮਿੱਥਿਆ ਹੈ।

139. ਇਹ ਮਹਿਜ਼ ਅੰਕੜਿਆਂ ਦੀ ਤੁਲਨਾ ਨਹੀਂ ਹੈ; ਸਗੋਂ ਇਹ ਕੰਮ ਕਰਨ ਦੇ ਤਰੀਕੇ ਵਿੱਚ ਆਏ ਬਦਲਾਅ ਨੂੰ ਦਰਸਾਉਂਦਾ ਹੈ। ਜਦੋਂ ਪ੍ਰਣਾਲੀਆਂ ਨੂੰ ਮਜ਼ਬੂਤ ਬਣਾਇਆ ਜਾਂਦਾ ਹੈ, ਮਨਮਰਜ਼ੀ ਨੂੰ ਘਟਾਇਆ ਜਾਂਦਾ ਹੈ ਅਤੇ ਜਵਾਬਦੇਹੀ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਸੂਬੇ ਦਾ ਸਹੀ ਮਾਲੀਆ ਅਕੁਸ਼ਲਤਾ ਜਾਂ ਦੁਰਵਰਤੋਂ ਦੇ ਹੱਥੇ ਨਾ ਚੜ੍ਹ ਕੇ ਲੋਕਾਂ ਦੇ ਖਜ਼ਾਨੇ ਵਿੱਚ ਆਉਂਦਾ ਹੈ। ਨਤੀਜੇ ਦਰਸਾਉਂਦੇ ਹਨ ਕਿ ਪ੍ਰਸ਼ਾਸਕੀ ਦ੍ਰਿੜਤਾ ਨਾਲ ਇਮਾਨਦਾਰ ਇਰਾਦਾ, ਸਿੱਧੇ ਤੌਰ 'ਤੇ ਸੂਬੇ ਲਈ ਮਜ਼ਬੂਤ ਵਿੱਤ ਅਤੇ ਲੋਕ ਭਲਾਈ ਵਿੱਚ ਨਿਵੇਸ਼ ਕਰਨ ਦੀ ਵਧੇਰੇ ਸਮਰੱਥਾ ਵਿੱਚ ਤਬਦੀਲ ਹੁੰਦਾ ਹੈ।

140. ਮਾਣਯੋਗ ਸਪੀਕਰ ਸਾਹਿਬ, ਲੰਬਿਤ ਪੁਰਾਣੇ ਵਿਵਾਦਾਂ ਨੂੰ ਹੱਲ ਕਰਨ ਅਤੇ ਕਰ-ਦਾਤਾਵਾਂ ਨੂੰ ਰਾਹਤ ਪ੍ਰਦਾਨ ਕਰਨ ਲਈ, ਸਰਕਾਰ ਨੇ ਸਾਲ 2024 ਵਿਚ ਯਕਮੁਸ਼ਤ ਨਿਪਟਾਰਾ ਯੋਜਨਾ ਸ਼ੁਰੂ ਕੀਤੀ ਸੀ। ਇਸ ਤਹਿਤ 70,311 ਡੀਲਰਾਂ ਨੇ 866 ਕਰੋੜ ਰੁਪਏ ਦੀ ਕੁੱਲ ਛੋਟ ਦਾ ਲਾਭ ਉਠਾਇਆ ਅਤੇ ਰਾਜ ਦੇ ਖ਼ਜ਼ਾਨੇ ਵਿੱਚ 164 ਕਰੋੜ ਰੁਪਏ ਦੀ ਵਸੂਲੀ ਹੋਈ।

141. ਇਸ ਨੂੰ ਅੱਗੇ ਵਧਾਉਂਦਿਆਂ, ਸਰਕਾਰ ਨੇ 'ਵਨ ਟਾਈਮ ਸੈਟਲਮੈਂਟ ਸਕੀਮ-2025' ਸ਼ੁਰੂ ਕੀਤੀ ਹੈ, ਜੋ ਕਿ 1 ਅਕਤੂਬਰ 2025 ਤੋਂ ਲਾਗੂ ਹੋ ਚੁੱਕੀ ਹੈ। ਇਹ ਸਕੀਮ ਯੋਗ ਮਾਮਲਿਆਂ ਵਿੱਚ ਵਿਆਜ ਅਤੇ ਜੁਰਮਾਨਿਆਂ ਦੀ ਪੂਰੀ ਛੋਟ ਦੇ ਨਾਲ-ਨਾਲ ਗ੍ਰੇਡਿਡ ਟੈਕਸ ਰਾਹਤ ਦਿੰਦੀ ਹੈ, ਜਿਸ ਨਾਲ ਕਾਰੋਬਾਰੀ ਪੁਰਾਣੇ ਮਾਮਲਿਆਂ ਨੂੰ ਖਤਮ ਕਰ ਸਕਦੇ ਹਨ ਅਤੇ ਪੱਕੇ ਇਰਾਦੇ ਨਾਲ ਅੱਗੇ ਵਧ ਸਕਦੇ ਹਨ। ਵਪਾਰ ਅਤੇ ਉਦਯੋਗ ਦਾ ਹੁੰਗਾਰਾ ਉਤਸ਼ਾਹਜਨਕ ਰਿਹਾ ਹੈ, ਹੁਣ ਤੱਕ 7,400 ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋਈਆਂ ਹਨ ਅਤੇ 100 ਕਰੋੜ ਰੁਪਏ ਤੋਂ ਵੱਧ ਦੀ ਵਸੂਲੀ ਹੋਈ ਹੈ। ਇਹ ਪਹਿਲ ਸਾਡੇ ਸੰਤੁਲਿਤ ਦ੍ਰਿਸ਼ਟੀਕੋਣ ਨੂੰ ਪਰਗਟਾਉਂਦੀ ਹੈ- ਮਾਲੀਆ ਪ੍ਰਾਪਤੀ ਨੂੰ ਮਜ਼ਬੂਤ ਕਰਦੇ ਹੋਏ ਅਸਲ ਟੈਕਸਦਾਤਾਵਾਂ ਨੂੰ ਸਹੂਲਤ ਪ੍ਰਦਾਨ ਕਰਨਾ।

142. ਇਸ ਦੇ ਨਾਲ ਹੀ, ਸਰਕਾਰ ਨੇ ਤਕਨਾਲੋਜੀ, ਡੇਟਾ ਵਿਸ਼ਲੇਸ਼ਣ ਅਤੇ ਇੰਟੈਲੀਜੈਂਸ-ਅਧਾਰਤ ਲਾਗੂਕਰਨ ਦਾ ਲਾਭ ਲੈ ਕੇ ਜੀ.ਐਸ.ਟੀ. ਪ੍ਰਸ਼ਾਸਨ ਵਿੱਚ ਮਜ਼ਬੂਤ ਸੁਧਾਰ ਕੀਤੇ ਹਨ। ਮਲਟੀ-ਪੋਰਟਲ ਡੇਟਾ ਨੂੰ ਜੋੜਨ ਅਤੇ ਜੋਖਮ ਦਾ ਪਤਾ ਲਗਾਉਣ ਲਈ ਆਟੋਮੇਟਿਡ ਇਨ-ਹਾਊਸ ਵਿਸ਼ਲੇਸ਼ਣਾਤਮਕ ਟੂਲ ਵਿਕਸਿਤ ਕੀਤਾ ਗਿਆ ਹੈ, ਜਿਸ ਨਾਲ ਡਿਫਾਲਟਰਾਂ ਅਤੇ ਟੈਕਸ ਚੋਰੀ ਦੀ ਪਛਾਣ ਕਰਕੇ ਕਾਫ਼ੀ ਵਸੂਲੀ ਹੋ ਰਹੀ ਹੈ। ਕੇਂਦ੍ਰਿਤ ਨਿਰੀਖਣਾਂ ਅਤੇ ਵਿਸ਼ੇਸ਼ ਖੁਫੀਆ, ਜਾਂਚ ਅਤੇ ਕਾਨੂੰਨੀ ਸਮਰੱਥਾਵਾਂ ਵਾਲੇ ਇੱਕ ਸਮਰਪਿਤ ਐਂਟੀ-ਇਵੇਜਨ ਵਿੰਗ ਦੇ ਪ੍ਰਸਤਾਵਿਤ ਗਠਨ ਰਾਹੀਂ ਲਾਗੂਕਰਨ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ। ਮਾਣਯੋਗ ਸਪੀਕਰ ਸਾਹਿਬ, ਨਿਯਮਾਂ ਦੀ ਪਾਲਣਾ ਵਿੱਚ ਲਗਾਤਾਰ ਸੁਧਾਰ ਅਤੇ ਸਖ਼ਤੀ ਨਾਲ ਲਾਗੂ ਕੀਤੇ ਜਾਣ ਕਾਰਨ ਇਸ ਨੂੰ ਹੋਰ ਮਜ਼ਬੂਤੀ ਮਿਲੀ ਹੈ। ਅਸੀਂ ਪਿਛਲੇ 46 ਮਹੀਨਿਆਂ ਵਿੱਚ 83,739 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਕੀਤਾ ਹੈ, ਜਦੋਂ ਕਿ ਪਿਛਲੀ ਸਰਕਾਰ ਦੇ 5 ਸਾਲਾਂ ਵਿੱਚ ਇਹ ਸਿਰਫ਼ 61,286 ਕਰੋੜ ਰੁਪਏ ਸੀ।

ਇਹ ਪ੍ਰਾਪਤੀ ਸਾਡੇ ਕਾਰਜਕਾਲ ਦੌਰਾਨ 'ਕੰਪਨਸੇਸ਼ਨ ਸੈੱਸ' ਤੋਂ ਹੋਣ ਵਾਲੇ ਮਾਲੀਏ ਦੇ ਨੁਕਸਾਨ ਦੇ ਬਾਵਜੂਦ ਹੋਈ ਹੈ। ਇਸ ਸ਼ਾਨਦਾਰ ਵਾਧੇ ਦੇ ਅਧਾਰ 'ਤੇ, ਅਸੀਂ ਵਿੱਤੀ ਸਾਲ 2026-27 ਲਈ 32,000 ਕਰੋੜ ਰੁਪਏ ਜੀ.ਐੱਸ.ਟੀ. ਮਾਲੀਏ ਦਾ ਟੀਚਾ ਮਿੱਥਿਆ ਹੈ।

143. ਮਾਣਯੋਗ ਸਪੀਕਰ ਸਾਹਿਬ, ਵਿੱਤੀ ਸਮਝਦਾਰੀ ਅਤੇ ਲੰਬੇ ਸਮੇਂ ਦੀ ਵਿੱਤੀ ਅਨੁਸ਼ਾਸਨ ਨੂੰ ਮੁੱਖ ਰੱਖਦਿਆਂ, ਸੂਬੇ ਨੇ ਕੰਸੋਲੀਡੇਟਿਡ ਸਿੰਕਿੰਗ ਫੰਡ (CSF) ਵਿੱਚ 1,000 ਕਰੋੜ ਰੁਪਏ ਦਾ ਯੋਗਦਾਨ ਪਾਇਆ ਗਿਆ ਹੈ। ਇਸ ਤੋਂ ਇਲਾਵਾ ਪਹਿਲੀ ਵਾਰ 'ਗਾਰੰਟੀ ਰਿਡੈਂਪਸ਼ਨ ਫੰਡ' ਵਿੱਚ 1,000 ਕਰੋੜ ਰੁਪਏ ਦਾ ਯੋਗਦਾਨ ਪਾਇਆ ਗਿਆ ਹੈ ਤਾਂ ਜੋ ਬੋਰਡਾਂ ਅਤੇ ਕਾਰਪੋਰੇਸ਼ਨਾਂ ਨੂੰ ਦਿੱਤੀਆਂ ਗਈਆਂ ਗਾਰੰਟੀਆਂ ਤੋਂ ਪੈਦਾ ਹੋਣ ਵਾਲੀਆਂ ਅਚਨਚੇਤ ਦੇਣਦਾਰੀਆਂ ਤੋਂ ਸੂਬੇ ਦੀ ਰੱਖਿਆ ਕੀਤੀ ਜਾ ਸਕੇ। ਇਹਨਾਂ ਯੋਗਦਾਨਾਂ ਦੇ ਸਿੱਟੇ ਵਜੋਂ, ਸਾਡੀ ਸਰਕਾਰ ਦੇ ਕਾਰਜਕਾਲ ਦੌਰਾਨ ਕੰਸੋਲੀਡੇਟਿਡ ਸਿੰਕਿੰਗ ਫੰਡ (CSF) ਅਤੇ ਗਾਰੰਟੀ ਰੀਡੈਂਪਸ਼ਨ ਫੰਡ (GRF) ਵਿੱਚ ਰਾਜ ਦੇ ਫੰਡ ਮਾਰਚ 2022 ਵਿੱਚ 3,027 ਕਰੋੜ ਰੁਪਏ ਤੋਂ 287% ਵਧ ਕੇ ਦਸੰਬਰ 2025 ਵਿੱਚ 11,720 ਕਰੋੜ ਰੁਪਏ ਹੋ ਗਏ ਹਨ।

144. ਮਾਣਯੋਗ ਸਪੀਕਰ ਸਾਹਿਬ, ਇਸ ਸਰਕਾਰ ਦੇ ਅਧੀਨ ਮਾਲੀਏ ਨੂੰ ਮਜ਼ਬੂਤ ਕਰਨ ਦਾ ਮਕਸਦ ਕਦੇ ਵੀ ਸਿਰਫ਼ ਬੈਲੇਂਸ ਸ਼ੀਟਾਂ ਨੂੰ ਸੁਧਾਰਨਾ ਨਹੀਂ ਸੀ, ਇਸ ਦਾ ਮਕਸਦ ਪੰਜਾਬ ਦੀ ਉਸਾਰੀ ਦੀ ਸਮਰੱਥਾ ਨੂੰ ਮੁੜ ਸੁਰਜੀਤ ਕਰਨਾ ਸੀ। ਸਾਲਾਂ ਬੱਧੀ, ਪੂੰਜੀਗਤ ਨਿਵੇਸ਼ ਦੀ ਰਫ਼ਤਾਰ ਸੁਸਤ ਰਹੀ ਸੀ ਜਦਕਿ ਦੇਣਦਾਰੀਆਂ ਵਧਦੀਆਂ ਗਈਆਂ। ਅਸੀਂ ਉਸ ਪਹੁੰਚ ਨੂੰ ਬਦਲ ਦਿੱਤਾ ਹੈ। ਪਿਛਲੇ 4 ਸਾਲਾਂ ਵਿੱਚ ਸਾਡਾ ਕੁੱਲ ਪੂੰਜੀਗਤ ਖਰਚਾ 32,353 ਕਰੋੜ ਰੁਪਏ ਰਿਹਾ ਹੈ, ਜੋ ਕਿ ਪਿਛਲੀ ਸਰਕਾਰ ਦੇ ਮੁਕਾਬਲੇ ਦੁੱਗਣੇ ਤੋਂ ਵੀ ਵੱਧ ਹੈ। ਅਸੀਂ ਇਸ ਸਾਲ ਵੀ ਇਸ ਵਿੱਚ ਹੋਰ ਵਾਧਾ

ਕੀਤਾ ਹੈ। ਇਸ ਅਨੁਸਾਰ, ਵਿੱਤੀ ਸਾਲ 2026-27 ਵਿੱਚ, ਸਾਡੀ ਸਰਕਾਰ 18,381 ਕਰੋੜ ਰੁਪਏ ਦੇ ਪੂੰਜੀਗਤ ਖਰਚੇ ਦੀ ਤਜਵੀਜ਼ ਰੱਖਦੀ ਹੈ। ਇਹ ਇੱਕ ਸੋਚਿਆ-ਸਮਝਿਆ ਫੈਸਲਾ ਹੈ: ਕਿ ਅਸੀਂ ਐਡ-ਹਾਕ (ਆਰਜ਼ੀ) ਖਰਚਿਆਂ ਦੀ ਬਜਾਏ ਸੰਪਤੀ ਸਿਰਜਣ ਨੂੰ ਥੋੜ੍ਹੇ ਸਮੇਂ ਦੇ ਦਿਖਾਵੇ ਦੀ ਬਜਾਏ ਲੰਬੇ ਸਮੇਂ ਦੇ ਵਿਕਾਸ ਨੂੰ ਅਤੇ ਅਜਿਹੇ ਬੁਨਿਆਦੀ ਢਾਂਚੇ ਨੂੰ ਪਹਿਲ ਦੇਣੀ ਹੈ ਜੋ ਆਉਣ ਵਾਲੀ ਪੀੜ੍ਹੀ ਦੇ ਕੰਮ ਆਵੇਗਾ।

145. ਮਾਣਯੋਗ ਸਪੀਕਰ ਸਾਹਿਬ, ਪਿਛਲੇ ਬਜਟ ਵਿੱਚ ਕੀਤੇ ਗਏ ਵਾਅਦੇ ਅਨੁਸਾਰ, ਸਾਡੀ ਸਰਕਾਰ ਨੇ ਛੇਵੇਂ ਤਨਖਾਹ ਕਮਿਸ਼ਨ ਨੂੰ ਲਾਗੂ ਕਰਨ ਤੋਂ ਪੈਦਾ ਹੋਏ ਬਕਾਏ ਦੀ 14,191 ਕਰੋੜ ਰੁਪਏ ਦੀਅਦਾਇਗੀ ਦੀ ਯੋਜਨਾ ਦਾ ਸਨਮਾਨ ਕੀਤਾ ਹੈ ਅਤੇ ਉਹਨਾਂ ਬਕਾਇਆ ਰਕਮਾਂ ਨੂੰ ਜਾਰੀ ਕਰ ਦਿੱਤਾ ਹੈ, ਜੋ ਪਿਛਲੀ ਸਰਕਾਰ ਵੱਲੋਂ ਅਦਾ ਨਹੀਂ ਕੀਤੀਆਂ ਗਈਆਂ ਸਨ। ਵਿੱਤੀ ਸਾਲ 2025-26 ਦੌਰਾਨ, ਇਹ ਜਾਇਜ਼ ਭੁਗਤਾਨ ਨਿਰਧਾਰਤ ਸਮੇਂ ਅਨੁਸਾਰ ਕੀਤੇ ਗਏ ਹਨ ਅਤੇ ਅਸੀਂ ਵਿੱਤੀ ਸਾਲ 2026–27 ਇਸ ਅਦਾਇਗੀ ਯੋਜਨਾ ਅਨੁਸਾਰ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਭੁਗਤਾਨ ਜਾਰੀ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ।

146. ਅਖੀਰ ਵਿੱਚ, ਸਪੀਕਰ ਸਰ, ਵਿੱਤੀ ਸੁਧਾਰਾਂ ਦੇ ਯਤਨਾਂ ਨੇ ਉਸ ਭਾਰੀ ਕਰਜ਼ੇ ਦੇ ਬੋਝ ਨੂੰ ਘਟਾਉਣਾ ਵੀ ਸ਼ੁਰੂ ਕਰ ਦਿੱਤਾ ਹੈ ਜੋ ਪਿਛਲੀਆਂ ਸਰਕਾਰਾਂ ਨੇ ਸੂਬੇ ਸਿਰ ਛੱਡਿਆ ਸੀ। ਸਾਡੀ ਸਰਕਾਰ ਨੂੰ 31 ਮਾਰਚ 2022 ਤੱਕ 48.25% ਦਾ ਕਰਜ਼ਾ-ਜੀ.ਐਸ.ਡੀ.ਪੀ. (Debt-to-GSDP) ਅਨੁਪਾਤ ਵਿਰਾਸਤ ਵਿੱਚ ਮਿਲਿਆ ਸੀ, ਜੋ 31 ਜਨਵਰੀ 2026 ਤੱਕ ਘਟ ਕੇ 44.47% ਰਹਿ ਗਿਆ ਹੈ। ਕਿਸੇ ਵੀ ਪੈਮਾਨੇ 'ਤੇ ਇਹ ਬਹੁਤ ਹੀ ਮਹੱਤਵਪੂਰਨ ਗਿਰਾਵਟ ਹੈ।

## ਸਿੱਟਾ

147. ਮਾਣਯੋਗ ਸਪੀਕਰ ਸਾਹਿਬ, ਆਪਣੀ ਗੱਲ ਸਮਾਪਤ ਕਰਦਿਆਂ, ਮੈਂ ਆਪਣੀ ਜ਼ਿੰਮੇਵਾਰੀ ਦਾ ਡੂੰਘਾ ਅਹਿਸਾਸ ਕਰਦੇ ਹੋਏ ਅਤੇ ਸਾਡੇ ਸੂਬੇ ਦੇ ਭਵਿੱਖ ਵਿੱਚ ਪੂਰਨ ਵਿਸ਼ਵਾਸ ਰੱਖਦੇ ਹੋਏ ਇਹ ਬਜਟ ਪੇਸ਼ ਕਰ ਰਿਹਾ ਹਾਂ। ਇਹ ਬਜਟ ਪਿਛਲੇ ਚਾਰ ਸਾਲਾਂ ਦੌਰਾਨ ਸਾਡੇ ਵੱਲੋਂ ਤੈਅ ਕੀਤੇ ਗਏ ਸਫ਼ਰ ਨੂੰ ਦਰਸਾਉਂਦਾ ਹੈ। ਅਜਿਹਾ ਸਫ਼ਰ ਜੋ ਪੰਜਾਬ ਦੀ ਵਿੱਤੀ ਹਾਲਤ ਨੂੰ ਮਜ਼ਬੂਤ ਕਰਨ, ਬੁਨਿਆਦੀ ਢਾਂਚੇ ਦਾ ਵਿਸਥਾਰ ਕਰਨ, ਜਨਤਕ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਸ਼ਾਸਨ ਵਿੱਚ ਲੋਕਾਂ ਦੇ ਭਰੋਸੇ ਨੂੰ ਮੁੜ ਬਹਾਲ ਕਰਨ 'ਤੇ ਕੇਂਦ੍ਰਿਤ ਰਿਹਾ ਹੈ। ਇਸ ਸਦਨ ਸਾਹਮਣੇ ਰੱਖਿਆ ਗਿਆ ਹਰ ਵੰਡ ਅਤੇ ਹਰ ਸੁਧਾਰ ਸਪਸ਼ਟ ਨਿਸ਼ਚੇ ਨਾਲ ਭਰਪੂਰ ਹੈ ਕਿ ਪੰਜਾਬ ਦੀ ਤਰੱਕੀ ਸਥਾਈ, ਸਮਾਵੇਸ਼ੀ ਅਤੇ ਮਜ਼ਬੂਤ ਸੰਸਥਾਵਾਂ 'ਤੇ ਅਧਾਰਿਤ ਹੋਣੀ ਚਾਹੀਦੀ ਹੈ।

148. ਮੈਂ ਸਾਡੇ ਕੌਮੀ ਕਨਵੀਨਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜੋ ਸਾਨੂੰ ਲਗਾਤਾਰ ਯਾਦ ਦਿਵਾਉਂਦੇ ਹਨ ਕਿ ਰਾਜਨੀਤੀ ਦੀ ਜੜ੍ਹ ਹਮੇਸ਼ਾ ਇਮਾਨਦਾਰੀ, ਜਵਾਬਦੇਹੀ ਅਤੇ ਆਮ ਨਾਗਰਿਕ ਦੀ ਸੇਵਾ ਵਿੱਚ ਹੋਣੀ ਚਾਹੀਦੀ ਹੈ। ਮੈਂ ਸਾਡੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਦ੍ਰਿੜ ਅਤੇ ਲੋਕਪੱਖੀ ਅਗਵਾਈ ਦੀ ਵੀ ਪੁਰਜ਼ੋਰ ਸ਼ਲਾਘਾ ਕਰਦਾ ਹਾਂ-, ਜਿਨ੍ਹਾਂ ਦੀ ਸਪਸ਼ਟ ਦ੍ਰਿਸ਼ਟੀ ਅਤੇ ਪੰਜਾਬ ਦੀ ਤਰੱਕੀ ਪ੍ਰਤੀ ਅਟੱਲ ਵਚਨਬੱਧਤਾ ਨੇ ਇਸ ਸਰਕਾਰ ਦੇ ਹਰ ਵੱਡੇ ਫੈਸਲੇ ਦੀ ਅਗਵਾਈ ਕੀਤੀ ਹੈ। ਉਨ੍ਹਾਂ ਦੀ ਰਹਿਨੁਮਾਈ ਨੇ ਇਮਾਨਦਾਰੀ ਨਾਲ ਸ਼ਾਸਨ ਕਰਨ ਅਤੇ ਇਸ ਮਹਾਨ ਰਾਜ ਦੀ ਉੱਨਤੀ ਲਈ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਿਤ ਕਰਨ ਦੇ ਸਾਡੇ ਇਰਾਦੇ ਨੂੰ ਹੋਰ ਮਜ਼ਬੂਤ ਕੀਤਾ ਹੈ।

149. ਮੈਂ ਵਿੱਤ ਅਤੇ ਯੋਜਨਾਬੰਦੀ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਵੀ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਲਗਨ ਅਤੇ ਅਣਥੱਕ ਮਿਹਨਤ ਨੇ ਇਸ ਵਿਆਪਕ ਬਜਟ ਨੂੰ ਸਾਕਾਰ ਰੂਪ ਦਿੱਤਾ ਹੈ।

150. ਹੁਣ ਮੈਂ ਵਿੱਤੀ ਸਾਲ 2026-27 ਲਈ ਬਜਟ ਪ੍ਰਸਤਾਵਾਂ ਨੂੰ ਇਸ ਮਾਣਯੋਗ ਸਦਨ ਅੱਗੇ ਪ੍ਰਵਾਨਗੀ ਲਈ ਪੇਸ਼ ਕਰਦਾ ਹਾਂ।

**ਜੈ ਹਿੰਦ**